# ਅਧਿਆਇ 6

# ਦੁਸ਼ਮਣਾਂ ਦੀ ਹਾਰ ਅਤੇ ਸ਼ਹਿਰਪਨਾਹ ਦਾ ਪੂਰਾ ਹੋਣਾ

ਇਸ ਅਧਿਆਇ ਵਿਚ, ਯਰੂਸ਼ਲਮ ਦੀ ਕੰਧ (ਸ਼ਹਿਰਪਨਾਹ) ਨੂੰ ਫੇਰ ਤੋਂ ਬਣਾਏ ਜਾਣ ਦੀ ਕਹਾਣੀ ਆਪਣੇ ਚਰਮ ਤੇ ਪੁੱਜਦੀ ਹੈ। ਨਹਮਯਾਹ ਦੂਜੀਆਂ ਕੌਮਾਂ ਤੋਂ ਯਹੂਦਾਹ ਦੇ ਵਿਰੋਧੀਆਂ ਵੱਲੋਂ ਖੜੀਆਂ ਕੀਤੀਆਂ ਗਈਆਂ ਮੁਸ਼ਕਿਲਾਂ ਤੋਂ ਵਾਪਸ ਆਇਆ। ਧਮਕੀਆਂ ਨਾਲ ਯਹੂਦੀਆਂ ਨੂੰ ਡਰਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਨਾਕਾਮ ਹੋਣ ਤੋਂ ਬਾਅਦ (ਅਧਿਆਇ 4), ਇਹ ਵਿਰੋਧ ਕਰਨ ਵਾਲੇ ਅਖ਼ੀਰ ਤਕ ਨਵੀਆਂ ਨਵੀਆਂ ਚਾਲਾਂ ਵਰਤ ਕੇ ਕੰਧ ਦੇ ਬਣਾਏ ਜਾਣ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਯਹੂਦਾਹ ਦੇ ਵਿਰੋਧ ਦੀਆਂ ਦੋ ਸਾਜ਼ਸ਼ਾਂ ਦਾ ਵਰਣਨ 6: 1–14 ਵਿਚ ਹੈ। ਯਹੂਦੀਆਂ ਨੂੰ ਕੰਧ ਪੂਰਾ ਕਰਨ ਤੋਂ ਰੋਕੀ ਰੱਖਣ ਦੇ ਉਨ੍ਹਾਂ ਦੇ ਟੀਚੇ ਤੋਂ ਇਲਾਵਾ ਇਨ੍ਹਾਂ ਸਾਜ਼ਸ਼ਾਂ ਵਿਚ ਹੋਰ ਸਾਂਝੀਆਂ ਗੱਲਾਂ ਇਹ ਸਨ ਕਿ ਦੋਹਾਂ ਵਿਚ ਫ਼ਰੇਬ ਸੀ ਅਤੇ ਦੋਵੇਂ ਨਹਮਯਾਹ ਨੂੰ ਡਰਾਉਣ ਜਾਂ ਧਮਕਾਉਣ ਦੇ ਇਰਾਦੇ ਨਾਲ ਸਨ। ਪਰ ਉਹ ਉਨ੍ਹਾਂ ਦੇ ਝੂਠ ਦੇ ਵਲ਼ ਵਿਚ ਨਹੀਂ ਆਇਆ। ਅੰਤ ਵਿਚ ਕੰਧ ਪੂਰਾ ਹੋ ਗਈ। ਅਧਿਆਇ ਦਾ ਅੰਤ ਇਸ ਅਫ਼ਸੋਸਨਾਕ ਗੱਲ ਨਾਲ ਹੁੰਦਾ ਹੈ ਕਿ ਯਹੂਦੀਆਂ ਵਿੱਚੋਂ ਕੁਝ ਲੋਕ ਯਹੂਦਾਹ ਦੇ ਇਕ ਦੁਸ਼ਮਣ ਟੋਬੀਯਾਹ ਦੇ ਦੋਸਤ ਸਨ।

## ਪਹਿਲੀ ਸਾਜ਼ਸ਼: "ਬਾਹਰ ਆਣ ਕੇ ਆਪਣੇ ਦੁਸ਼ਮਣਾਂ ਤੋਂ ਮਸ਼ਵਰਾ ਲਓ" (6:1-9)

**1ਤਾਂ ਐਉਂ ਹੋਇਆ ਕਿ ਜਦ ਸਨਬੱਲਟ ਅਰ ਟੋਬੀਯਾਹ ਅਰ ਗਸ਼ਮ ਅਰਬੀ ਅਤੇ ਸਾਡੇ ਬਾਕੀ**
**ਵੈਰੀਆਂ ਨੂੰ ਦੱਸਿਆ ਗਿਆ ਕਿ ਮੈਂ ਕੰਧ ਬਣਾ ਲਈ ਹੈ ਅਤੇ ਕੋਈ ਖੱਪਾ ਬਾਕੀ ਨਹੀਂ ਰਿਹਾ ਭਾਵੇਂ ਮੈਂ**
**ਅਜੇ ਤੀਕਰ ਫਾਟਕਾਂ ਦੇ ਬੂਹੇ ਨਹੀਂ ਲਾਏ ਸਨ 2ਤਦ ਸਨਬੱਲਟ ਅਤੇ ਗਸ਼ਮ ਨੇ ਮੈਨੂੰ ਆਖ ਘੱਲਿਆ**
**ਕਿ ਆ, ਅਸੀਂ ਓਨੋ ਦੀ ਦੂਣ ਦੇ ਕਿਸੇ ਇਕ ਪਿੰਡ ਵਿਚ ਆਪਸ ਵਿਚ ਮਿਲੀਏ, ਪਰ ਓਹ ਮੇਰੇ ਨਾਲ**
**ਬਦੀ ਕਰਨਾ ਚਾਹੁੰਦੇ ਸਨ 3ਤਾਂ ਮੈਂ ਉਨ੍ਹਾਂ ਕੋਲ ਦੂਤਾਂ ਰਾਹੀਂ ਕਹਾ ਘੱਲਿਆ ਕਿ ਮੈਂ ਇਕ ਵੱਡਾ ਕੰਮ**
**ਕਰ ਰਿਹਾ ਹਾਂ, ਹੇਠਾਂ ਨੂੰ ਆ ਨਹੀਂ ਸਕਦਾ, ਤੁਹਾਡੇ ਕੋਲ ਹਠਾੜ ਆਉਣ ਲਈ ਕੰਮ ਕਿਉਂ ਰੋਕਿਆ**
**ਜਾਵੇ 4ਉਨ੍ਹਾਂ ਨੇ ਚਾਰ ਵਾਰ ਏਸੇ ਗੱਲ ਲਈ ਆਖ ਘੱਲਿਆ ਅਤੇ ਮੈਂ ਉਨ੍ਹਾਂ ਨੂੰ ਏਸੇ ਤਰ੍ਹਾਂ ਦਾ ਉੱਤਰ**
**ਦਿੱਤਾ 5ਫੇਰ ਸਨਬੱਲਟ ਨੇ ਪੰਜਵੀਂ ਵਾਰ ਓਸੇ ਹੀ ਤਰ੍ਹਾਂ ਆਪਣੇ ਜੁਆਨ ਨੂੰ ਖੁੱਲ੍ਹੀ ਚਿੱਠੀ ਉਹ ਦੇ ਹੱਥ**
**ਦੇ ਕੇ ਮੇਰੇ ਕੋਲ ਘੱਲਿਆ 6ਜਿਹ ਦੇ ਵਿਚ ਲਿਖਿਆ ਹੋਇਆ ਸੀ ਕਿ ਕੌਮਾਂ ਵਿਚ ਇਹ ਸੁਣਿਆ ਗਿਆ**
**ਹੈ, ਅਤੇ ਗਸ਼ਮੂ ਵੀ ਏਦਾਂ ਹੀ ਆਖਦਾ ਹੈ ਕਿ ਤੂੰ ਅਤੇ ਯਹੂਦੀ ਆਕੀ ਹੋਣ ਦਾ ਮਤਾ ਪਕਾਉਂਦੇ ਹੋ**
**ਅਤੇ ਏਸੇ ਹੀ ਕਾਰਣ ਤੂੰ ਕੰਧ ਬਣਾਉਂਦਾ ਹੈਂ ਕਿ ਤੂੰ ਇਨ੍ਹਾਂ ਗੱਲਾਂ ਅਨੁਸਾਰ ਉਨ੍ਹਾਂ ਦਾ ਰਾਜਾ ਹੋ ਜਾਵੇਂ**
**7ਨਾਲੇ ਤੂੰ ਨਬੀਆਂ ਨੂੰ ਖੜੇ ਕੀਤਾ ਕਿ ਯਰੂਸ਼ਲਮ ਵਿਚ ਤੇਰੇ ਲਈ ਪਰਚਾਰ ਕਰਨ ਕਿ ਯਹੂਦਾਹ ਵਿਚ**
**ਇਕ ਰਾਜਾ ਹੈ। ਹੁਣ ਇੰਨ੍ਹਾਂ ਗੱਲਾਂ ਦੇ ਅਨੁਸਾਰ ਰਾਜਾ ਨੂੰ ਦੱਸਿਆ ਜਾਵੇਗਾ। ਹੁਣ ਆ, ਅਸੀਂ ਸਲਾਹ**
**ਕਰੀਏ 8ਤਦ ਮੈਂ ਉਹ ਦੇ ਕੋਲ ਆਖ ਘੱਲਿਆ ਕਿ ਇਨ੍ਹਾਂ ਗੱਲਾਂ ਦੇ ਅਨੁਸਾਰ ਜਿਹੜੀਆਂ ਤੂੰ ਆਖੀਆਂ**

**ਹਨ ਕੋਈ ਗੱਲ ਨਹੀਂ ਹੋਈ ਕਿਉਂਕਿ ਇਹ ਗੱਲਾਂ ਤੇਰੇ ਹੀ ਮਨ ਦੇ ਲੱਡੂ ਭੋਰੇ ਹੋਏ ਹਨ! [9]ਕਿਉਂਕਿ ਸਾਰੇ ਇਹ ਆਖ ਕੇ ਸਾਨੂੰ ਡਰਾਉਣਾ ਚਾਹੁੰਦੇ ਸਨ ਭਈ ਕੰਮ ਤੋਂ ਉਨ੍ਹਾਂ ਦੇ ਹੱਥ ਡੂਠੇ ਪੈ ਜਾਣ ਭਈ ਉਹ ਪੂਰਾ ਨਾ ਹੋਵੇ ਹੁਣ (ਹੇ ਪਰਮੇਸ਼ੁਰ) ਮੇਰੇ ਹੱਥਾਂ ਨੂੰ ਤਕੜੇ ਕਰ!**

**ਆਇਤ 1.** ਹੁਣ ਤਕ ਯਹੂਦਾਹ ਦੇ ਦੁਸ਼ਮਣ ਮਾਯੂਸ ਹੋ ਚੁੱਕੇ ਸਨ। ਦੁਸ਼ਮਣਾਂ ਦੀ ਅਗਵਾਈ ਕਰਨ ਵਾਲੇ **ਸਨਬੱਲਟ**, **ਟੋਬੀਯਾਹ**, ਅਤੇ **ਗਸ਼ਮ ਅਰਬੀ** ਸਨ। ਸਨਬੱਲਟ ਸਾਮਰੀਆਂ ਉੱਤੇ ਹਾਕਮ ਸੀ, ਟੋਬੀਯਾਹ ਅੰਮੋਨੀਆਂ ਦਾ ਇਕ ਹਾਕਮ ਸੀ ਅਤੇ ਗਸ਼ਮ ਅਰਬੀਆਂ ਉੱਤੇ ਹਕੂਮਤ ਕਰਦਾ ਸੀ। **ਸਾਡੇ ਬਾਕੀ ਵੈਰੀਆਂ** ਵਿਚ 4:7 ਵਿਚ ਦੱਸੇ ਗਏ ''ਅਸ਼ਦੋਦੀ'' ਸਨ। 6:2 ਵਿਚ ਸਿਰਫ਼ ਸਨਬੱਲਟ ਅਤੇ ਗਸ਼ਮ ਦੇ ਹੀ ਨਾਂਅ ਹਨ। ਸਾਜ਼ਸ਼ ਤੋਂ ਭਾਵੇਂ ਟੋਬੀਯਾਹ ਵਾਕਫ਼ ਸੀ ਪਰ ''ਓਨੋ ਦ ਦੂਣ'' ਵਿਚ ਮੁਲਾਕਾਤ ਦਾ ਸੱਦਾ ਜ਼ਾਹਿਰ ਤੌਰ ਤੇ ਦੂਜੇ ਦੋਹਾਂ ਵੱਲੋਂ ਆਇਆ ਸੀ। ਉਨ੍ਹਾਂ ਨੇ ਯਹੂਦੀਆਂ ਦੇ ਖ਼ਿਲਾਫ਼ ਫ਼ੌਜੀ ਹਮਲੇ ਦੇ ਖ਼ੂਨ ਖਰਾਬੇ ਦੀ ਧਮਕੀ ਦਿੱਤੀ, ਪਰ ਨਹਮਯਾਹ ਦੀ ਬਚਾਅ ਦੀ ਯੋਜਨਾ ਨਾਲ ਇਸ ਤੋਂ ਬਚਾਅ ਹੋ ਗਿਆ (4:1–23)।

ਉਸਾਰੀ ਦਾ ਰਹਿ ਗਿਆ ਕੰਮ ਸਿਰਫ਼ **ਕੰਧ** ਦੇ **ਫਾਟਕਾਂ ਦੇ ਬੂਹੇ ਲਾਏ** ਜਾਣ ਦਾ ਸੀ। ਜਦ ਦੁਸ਼ਮਣਾਂ ਨੇ ਸੁਣਿਆ ਕਿ ਉਸਾਰੀ ਦਾ ਕੰਮ ਲਗਭਗ ਪੂਰਾ ਹੋ ਚੁਕਿਆ ਹੈ ਤਾਂ ਉਹ ਇਕ ਹੋਰ ਸਾਜ਼ਸ਼ ਲੈ ਕੇ ਆ ਗਏ। ਇਹ ਸਾਜ਼ਸ਼ ਸਿੱਧੀ ਨਹਮਯਾਹ ਉੱਤੇ ਸੀ। ਉਨ੍ਹਾਂ ਨੇ ਮਤਾ ਪਕਾਇਆ ਕਿ ਜੇ ਉਹ ਯਹੂਦੀ ਆਗੂ ਨੂੰ ਹਟਾ ਦੇਣ ਤਾਂ ਕੰਮ ਬੰਦ ਹੋ ਸਕਦਾ ਹੈ।

**ਆਇਤ 2.** ਸਵਾਲ ਇਹ ਸੀ ਕਿ ਇਸ ਤਕਲੀਫ਼ਦੇਹ ਯਹੂਦੀ ਤੋਂ ਖਹਿੜਾ ਕਿਵੇਂ ਛੁਡਾਇਆ ਜਾਵੇ। ਉਨ੍ਹਾਂ ਦਾ ਪਹਿਲਾ ਵਿਚਾਰ ਇਹ ਸੀ ਕਿ ਉਸ ਨੂੰ ਸ਼ਹਿਰ ਵਿੱਚੋਂ ਨਿੱਕਲਣ ਦਾ ਲਾਲਚ ਦਿੱਤਾ ਜਾਵੇ, ਜਿੱਥੇ ਉਹ ਦਾ ਫੜ੍ਹਿਆ ਜਾਣਾ ਮੁਸ਼ਕਿਲ ਹੋਣਾ ਸੀ। ਉਨ੍ਹਾਂ ਦਾ ਇਰਾਦਾ ਉਸ ਨੂੰ ਮਾਰ ਸੁੱਟਣ ਦਾ ਵੀ ਹੋਵੇਗਾ। ਆਪਣੀ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਉਨ੍ਹਾਂ ਨੇ ਨਹਮਯਾਹ ਨੂੰ ਉਨ੍ਹਾਂ ਨਾਲ **ਓਨੋ ਦੀ ਦੂਣ ਦੇ ਕਿਸੇ ਇਕ ਪਿੰਡ ਵਿਚ** ਮਿਲਣ ਲਈ ਯਰੂਸ਼ਲਮ ਤੋਂ ਬਾਹਰ ਆਉਣ ਦਾ ਸੱਦਾ ਦੇ ਕੇ ਉਸ ਕੋਲ **ਆਖ ਘੱਲਿਆ**।

''ਓਨੋ ਦੀ ਦੂਣ'' ਯਰੂਸ਼ਲਮ ਦੇ ਉੱਤਰ ਪੱਛਮ ਵੱਲ ਪੰਝੀ ਮੀਲ ਮੰਨੀ ਜਾਂਦੀ ਹੈ,[1] ਜੋ ਸਾਮਰੀਆ ਅਤੇ ਅਸ਼ਦੋਦ ਦੀ ਹੱਦ ਤੋਂ ਬਹੁਤਾ ਦੂਰ ਨਹੀਂ ਸੀ। ਲੋਦ (ਲੁੱਦਾ) ਅਤੇ ਹਦੀਦ ਦੇ ਨਾਲ ਜਿਹੜਾ ਬਾਬਲ ਦੀ ਅਸੀਰੀ ਤੋਂ ਮੁੜਨ ਵਾਲੇ 720 ਤੋਂ ਵੱਧ ਅਸੀਰਾਂ ਵੱਲੋਂ ਵਸਾਇਆ ਗਿਆ (ਅਜ਼ਰਾ 2:33; ਨਹਮਯਾਹ 7:37; 11:35)। ਇਹ ''ਬਹਾਲ ਹੋਈ ਬਰਾਦਰੀ ਦੇ ਪੱਛਮ ਵਾਲੇ ਪਾਸੇ ਵੱਸ ਜਾਣ ਨੂੰ ਦਰਸਾਉਂਦਾ ਸੀ।''[2] ਉਸ ਜਗ੍ਹਾ ਦੇ ਨਾਂਅ ''ਕੇਫਿਪੀਰਿੰਮ'' ਜਾਂ ''ਹੱਕੇਫੇਰਿਮ'' (NEB; REB; ESV), ਦੀ ਥਾਂ ਹੋਰਨਾਂ ਸੰਸਕਰਣਾਂ ਵਿਚ ''ਇਕ ਪਿੰਡ'' ਹੀ ਹੈ (KJV; NIV; NRSV; TEV; NLT)।[3]

ਜਿਵੇਂ ਇੱਥੇ ਦੱਸਿਆ ਗਿਆ ਹੈ, ਦੁਸ਼ਮਣਾਂ ਦੀ ਬੇਨਤੀ ਸਿਰਫ਼ ਇਹ ਸੀ ਕਿ **ਆ ਅਸੀਂ ਆਪਸ ਵਿਚ ਮਿਲੀਏ।** ਸ਼ਾਇਦ ਸੰਦੇਸ਼ ਇਸ ਨਾਲੋਂ ਵਧ ਕੇ ਸੀ; ਜਾਂ ਸ਼ਾਇਦ ਵਾਧੂ ਚਿੱਠੀਆਂ ਭੇਜਕੇ **ਸਨਬੱਲਟ ਅਤੇ ਗਸ਼ਮ** ਨੇ ਸੱਦੇ ਨੂੰ ਹੋਰ ਅਤੇ ਹੋਰ ਖ਼ਾਸ ਦੱਸਣਾ ਚਾਹਿਆ।

ਨਹਮਯਾਹ ਉਨ੍ਹਾਂ ਦੀ ਚਾਲ ਦੇ ਝਾਂਸੇ ਵਿਚ ਨਹੀਂ ਆਇਆ। ਭਾਵੇਂ ਉਸ ਦੀ ਗੱਲ ਕਿ **ਓਹ ਮੇਰੇ ਨਾਲ ਬਦੀ ਕਰਨਾ ਚਾਹੁੰਦੇ ਸਨ** ਬਾਅਦ ਵਿਚ ਆਖੀ ਗਈ, ਪਰ ਨਹਮਯਾਹ ਨੂੰ ਸ਼ੁਰੂ ਤੋਂ ਹੀ ਆਪਣੇ ਦੁਸ਼ਮਣਾਂ ਦੀ ਚਾਲ ਤੇ ਸ਼ੱਕ ਸੀ।

**ਆਇਤ 3.** ਸਨਬੱਲਟ ਨੂੰ **ਦੂਤਾਂ** ਹੱਥੀਂ ਘੱਲਿਆ ਗਿਆ ਨਹਮਯਾਹ ਦਾ ਜਵਾਬ ਸੀ, **ਮੈਂ ਇਕ ਵੱਡਾ ਕੰਮ ਕਰ ਰਿਹਾ ਹਾਂ, ਹੇਠਾਂ ਨੂੰ ਆ ਨਹੀਂ ਸਕਦਾ।**[4] ਨਹਮਯਾਹ ਇਕ ਅਹਿਮ ਕੰਮ ਵਿਚ ਲੱਗਾ ਹੋਇਆ ਸੀ ਜਿਸ ਨੂੰ ਛੇਤੀ ਤੋਂ ਛੇਤੀ ਪੂਰਾ ਕਰਨਾ ਜ਼ਰੂਰੀ ਸੀ। ਉਸ ਨੇ ਆਖਿਆ ਕਿ ਉਨ੍ਹਾਂ ਨੂੰ ਮਿਲਣ

ਲਈ ਇਸ ਕੰਮ ਨੂੰ ਟਾਲਣਾ ਸਮਝਦਾਰੀ ਨਹੀਂ ਹੋਵੇਗੀ। ਸੁਝਾਈ ਗਈ ਮਿਲਣ ਦੀ ਥਾਂ ਯਰੂਸ਼ਲਮ ਤੋਂ ਇਕ ਦਿਨ ਦੇ ਪੈਂਡੇ ਤੇ ਸੀ; ਸੋ ਨਹਮਯਾਹ ਦਾ ਇਕ ਦਿਨ ਸਫ਼ਰ ਤੇ ਲਗ ਜਾਣਾ ਸੀ, ਇਕ ਦੋ ਦਿਨ ਮੁਲਾਕਾਤ ਵਿਚ ਅਤੇ ਇਕ ਦਿਨ ਵਾਪਸ ਆਉਣ ਵਿਚ। ਉਨ੍ਹਾਂ ਦੇ ਸੱਦੇ ਨੂੰ ਕਬੂਲ ਕਰਨ ਦਾ ਮਤਲਬ ਇਹ ਹੋਣਾ ਸੀ ਕਿ ਕੰਮ ਕਈ ਦਿਨਾਂ ਤਕ ਰੁਕ ਜਾਣਾ ਸੀ। ਨਹਮਯਾਹ ਦਾ ਜਵਾਬ ਸਹੀ ਸੀ, ਪਰ ਇਸ ਤੋਂ ਸਿਰਫ਼ ਸੱਦੇ ਨੂੰ ਨਾ ਕਬੂਲਣ ਦੇ ਉਸ ਦੇ ਇਸ ਹਿੱਸੇ ਦਾ ਪਤਾ ਲੱਗਾ ਹੋਵੇਗਾ। ਉਸ ਨੂੰ ਸ਼ੱਕ ਸੀ ਕਿ ਸਨਬੱਲਟ ਅਤੇ ਗਸ਼ਮ ਦਾ ਕੋਈ ਗਲਤ ਇਰਾਦਾ ਹੈ ਅਤੇ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਦਿੱਤਾ।

**ਆਇਤ 4.** ਸਨਬੱਲਟ ਅਤੇ ਗਸ਼ਮ ਨੇ ਜਵਾਬ ''ਨਾ'' ਨਹੀਂ ਮੰਨਿਆ ਅਤੇ ਉਨ੍ਹਾਂ ਨੇ ਬਾਰ–ਬਾਰ **ਚਾਰ ਵਾਰ** ਸੱਦਾ ਦਿੱਤਾ ਪਰ ਜਵਾਬ ਉਹੀ ਸੀ। ਨਹਮਯਾਹ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ।

**ਆਇਤ 5. ਪੰਜਵੀਂ ਵਾਰ** ਉਨ੍ਹਾਂ ਨੇ **ਖੁੱਲ੍ਹੀ ਚਿੱਠੀ** ਦੇਣ ਦੀ ਵੱਖਰੀ ਚਾਲ ਚੱਲਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਕਿ ਇਹ ਚਿੱਠੀ ''ਖੁੱਲ੍ਹੀ'' ਜਾਂ ''ਸੀਲ ਰਹਿਤ'' (NIV) ਸੀ, ਸੰਕੇਤ ਦਿੰਦੀ ਹੈ ਕਿ ਇਸ ਵਿਚਲੀਆਂ ਗੱਲਾਂ ਨਾ ਸਿਰਫ਼ ਨਹਮਯਾਹ ਲਈ ਬਲਕਿ ਯਰੂਸ਼ਲਮ ਦੇ ਹਰ ਕਿਸੇ ਵਿਅਕਤੀ ਲਈ ਉਪਲਬੱਧ ਸਨ।[5] ਸਨਬੱਲਟ ਵੱਲੋਂ ਘੱਲੀ ਗਈ ਇਸ ਚਿੱਠੀ ਵਿਚ ਦੱਸਿਆ ਗਿਆ ਕਿ ਨਹਮਯਾਹ ਨੂੰ ਇਲਾਕੇ ਦੇ ਹੋਰਨਾਂ ਲੀਡਰਾਂ ਨਾਲ ਕਿਉਂ ਮਿਲਣਾ ਚਾਹੀਦਾ ਹੈ।

**ਆਇਤ 6.** ਇਸ ਸਲਾਹ ਵਿਚ ਕਿਹਾ ਗਿਆ ਕਿ ਇਕ ਅਫ਼ਵਾਹ ਉੱਡ ਰਹੀ ਹੈ, ਜਿਸ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਹਮਯਾਹ ਰਾਜਦ੍ਰੋਹ ਕਰ ਰਿਹਾ ਹੈ। ਇਸ ਵਿਚ ਕਿਸੇ ਖ਼ਬਰ ਦੀ ਗੱਲ ਕੀਤੀ ਗਈ ਜਿਹੜੀ **ਕੌਮਾਂ ਵਿਚ** ਭਾਵ ਆਲੇ ਦੁਆਲੇ ਦੇ ਲੋਕਾਂ ਵਿਚ ਫੈਲ ਰਹੀ ਸੀ। ਸ਼ਾਇਦ ਇਹ ਖ਼ਬਰ **ਗਸ਼ਮੂ** ਵੱਲੋਂ ਦਿੱਤੀ ਗਈ ਸੀ ਜਾਂ ਉਸ ਨੇ ਘੱਟੋ–ਘੱਟ ਇਸ ਦੀ ਤਸਦੀਕ ਕੀਤੀ। ''ਗਸ਼ਮੂ'' ਨਾਮ ''ਗਸ਼ਮ'' ਦਾ ਇਕ ਬਦਲਵਾਂ ਸ਼ਬਦ ਹੈ; ਇਹ 6:1, 2 ਵਿਚਲੇ ਗਸ਼ਮ ਅਰਬੀ ਲਈ ਕਿਹਾ ਗਿਆ ਹੈ। ਖ਼ਬਰ ਇਹ ਸੀ ਕਿ **ਯਹੂਦੀ** ਲੋਕ ਫ਼ਾਰਸ ਦੇ ਵਿਰੁੱਧ **ਆਕੀ ਹੋਣ ਦਾ ਮਤਾ ਪਕਾਉਂਦੇ** ਸਨ ਅਤੇ ਜਿਹੜੀ ਕੰਧ ਉਹ **ਬਣਾਉਂਦਾ** (ਜਾਂ ਸ਼ਹਿਰ ਦੀ ਕਿਲੇਬੰਦੀ ਕਰ ਰਿਹਾ) ਸੀ, ਉਹ ਉਸ ਬਗ਼ਾਵਤ ਨੂੰ ਵਧਾਵਾ ਦੇਣ ਲਈ ਸੀ। ਇਕ ਹੋਰ ਇਲਜ਼ਾਮ ਇਹ ਸੀ ਕਿ ਕੰਧ ਦੇ ਬਣ ਜਾਣ ਤੇ ਨਹਮਯਾਹ ਯਹੂਦਾਹ ਦਾ **ਪਾਤਸ਼ਾਹ** ਬਣਨ ਦੀ ਯੋਜਨਾ ਬਣਾ ਰਿਹਾ ਸੀ।

ਮਾਰਕ ਏ. ਥ੍ਰੌਂਟਵੇਟ ਨੇ ''ਜ਼ਰੁੱਬਾਬਲ ਅਤੇ ਯਹੋਸ਼ੁਆ ਨਾਲ ਸਬੰਧਿਤ ਹੱਗਈ (2:21–23) ਅਤੇ ਫਿਰ ਜ਼ਕਰਯਾਹ (3:8; 4:6–10; 6:10–14) ਵੱਲੋਂ ਐਲਾਨੀਆਂ ਗਈਆਂ, ਸਿਆਸੀ–ਮਸੀਹਾਈ ਉਮੀਦਾਂ ਦੇ ਦੇਰ ਨਾਲ ਮੁੜ ਸੁਰਜੀਤ ਹੋਣ ਦੀਆਂ ਝੂਠੀਆਂ ਅਫ਼ਵਾਹਾਂ ਨਾਲ ਨਹਮਯਾਹ ਨੂੰ ਬਦਨਾਮ ਕਰਨ ਦੀ ਕੋਸ਼ਿਸ਼'' ਦੀ ਗੱਲ ਕੀਤੀ।[6] ਪਰ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਨਹਮਯਾਹ ਦਾਊਦ ਦੀ ਸੰਤਾਨ ਸੀ, ਇਸ ਕਰਕੇ ਲਗਦਾ ਨਹੀਂ ਕਿ ਯਹੂਦੀਆਂ ਨੂੰ ਮਸੀਹੀਆਈ ਰਾਜ ਉੱਤੇ ਉਸ ਦੇ ਹਕੂਮਤ ਕਰਨ ਦੀ ਉਮੀਦ ਹੋਵੇ।

**ਆਇਤ 7.** ਚਿੱਠੀ ਵਿਚ ਦਾਅਵਾ ਕੀਤਾ ਗਿਆ ਕਿ ਨਹਮਯਾਹ ਨੇ **ਨਬੀਆਂ ਨੂੰ ਖੜੇ ਕੀਤਾ** ਸੀ **ਕਿ ਯਹੂਦਾਹ ਵਿਚ ਇਕ ਪਾਤਸ਼ਾਹ ਹੈ।** ਸਨਬੱਲਟ ਦੇ ਇਲਜ਼ਾਮ ਦਾ ਮਤਲਬ ਇਹ ਹੋ ਸਕਦਾ ਹੈ ਕਿ ਉਹ ਨੂੰ ਇਸਰਾਏਲ ਦੇ ਇਤਹਾਸ ਦੀ ਥੋੜ੍ਹੀ ਬਹੁਤ ਜਾਣਕਾਰੀ ਹੈ ਸੀ। ਸ਼ਾਊਲ ਤੋਂ ਲੈ ਕੇ (1 ਸਮੂਏਲ 10:1, 24), ਦਾਊਦ (1 ਸਮੂਏਲ 16:13), ਅਤੇ ਸੁਲੇਮਾਨ (1 ਰਾਜਿਆਂ 1:34) ਤਕ ਇਸਰਾਏਲ ਦੇ ਰਾਜਿਆਂ ਦੇ ਮਸਹ ਕੀਤੇ ਜਾਣ ਵਿਚ ਨਬੀਆਂ ਦੀ ਸ਼ਮੂਲੀਅਤ ਰਹੀ ਸੀ।[7] ਫਿਰ ਚਿੱਠੀ ਵਿਚ ਇਹ ਧਮਕੀ ਦਿੱਤੀ ਗਈ ਕਿ ਨਹਮਯਾਹ ਦੀਆਂ ਇੱਛਾਵਾਂ ਫ਼ਾਰਸ ਦੇ **ਪਾਤਸ਼ਾਹ** ਦੇ ਸਾਹਮਣੇ ਲਿਆਂਦੀਆਂ ਜਾਣੀਆਂ ਸਨ। ਚਿੱਠੀ ਦਾ ਅੰਤ ਫੇਰ ਤੋਂ ਇਹ ਆਖਣ ਨਾਲ ਹੋਇਆ ਕਿ

ਨਹਮਯਾਹ ਸਨਬੱਲਟ ਨਾਲ ਮੁਲਾਕਾਤ ਕਰੇ ਤਾਂ ਜੋ ਉਹ **ਸਲਾਹ** ਕਰ ਸਕਣ।

ਸਨਬੱਲਟ ਦੀ ਬੇਨਤੀ ਦੇ ਮਗਰ ਕਾਰਣ ਸਪੱਸ਼ਟ ਨਹੀਂ ਹੈ। ਸ਼ਾਇਦ ਵਿਚਾਰ ਇਹ ਸੀ ਕਿ ਜੇ ਇਹ ਅਫ਼ਵਾਹਾਂ ਅਰਤਹਸ਼ਸ਼ਤਾ ਤਕ ਪੁੱਜ ਜਾਣ ਤਾਂ ਫ਼ਾਰਸੀ ਬਾਦਸ਼ਾਹ ਬਗ਼ਾਵਤ ਨੂੰ ਦਬਾਉਣ ਲਈ ਯਹੂਦਾਹ ਉੱਤੇ ਹਮਲਾ ਕਰ ਦਵੇਗਾ। ਉਸ ਹਾਲਤ ਵਿਚ ਲੜਾਈ ਵਿਚ ਸਾਮਰੀਆ ਨੂੰ ਵੀ ਨੁਕਸਾਨ ਹੋਣਾ ਸੀ। ਬਗ਼ਾਵਤ ਨੂੰ ਦਬਾਉਣ ਲਈ ਤਾਕਤ ਦੀ ਧਮਕੀ ਫੋਕੀ ਨਹੀਂ ਸੀ ਕਿਉਂ ਜੋ ਕੰਧ ਨੂੰ ਬਣਾਉਣ ਦੀ ਕੋਸ਼ਿਸ਼ ਨੂੰ ਇਕ ਬਗ਼ਾਵਤ ਦੇ ਰੂਪ ਵਿਚ ਦੱਸਿਆ ਗਿਆ ਸੀ ਅਤੇ ''ਬਦੋ ਬਦੀ ਧੱਕੇ ਨਾਲ'' ਰੋਕ ਦਿੱਤਾ ਗਿਆ (ਅਜ਼ਰਾ 4: 11–23) ਸੀ।

ਲੀਡਰਾਂ ਲਈ ''ਸਲਾਹ'' ਕਰਨ ਲਈ ਇਕੱਠੇ ਹੋਣ ਦੀ ਲੋੜ ਦਾ ਸੁਝਾਅ ਵੀ ਸਹੀ ਸੀ। ਲਗਦਾ ਹੈ ਕਿ ਇਹ ਨਹਮਯਾਹ ਨੂੰ ਮਹੱਤਵਪੂਰਣ ਸਵਾਲਾਂ ਤੇ ਚਰਚਾ ਕਰਨ ਲਈ ਕਿ ਕੀ ਇਹ ਖ਼ਬਰਾਂ ਸੱਚ ਹਨ? ਜੇ ਨਹੀਂ, ਤਾਂ ਕੀ ਇਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ? ਕੀ ਉਨ੍ਹਾਂ ਦਾ ਇਨਕਾਰ ਕਰਨ ਲਈ ਰਾਜੇ ਕੋਲ ਕਿਸੇ ਦੂਤ ਨੂੰ ਘੱਲਿਆ ਜਾਣਾ ਚਾਹੀਦਾ ਹੈ? ਵਰਗੇ ਅਹਿਮ ਸਵਾਲਾਂ ਤੇ ਚਰਚਾ ਕਰਨ ਲਈ ਦੂਜੇ ਲੀਡਰਾਂ ਨਾਲ ਮੁਲਾਕਾਤ ਕਰਨ ਦੀ ਅਪੀਲ ਹੋ ਸਕਦੀ ਹੈ। ''ਖੁੱਲ੍ਹੀ ਚਿੱਠੀ'' ਦੇ ਮਗਰ ਦਲੀਲ ਤਰਕਸੰਗਤ ਲਗਦੀ ਹੈ, ਪਰ ਇਹ ਨਹਮਯਾਹ ਨੂੰ ਜਾਂ ਪੜ੍ਹਨ ਵਾਲੇ ਕਿਸੇ ਨੂੰ ਵੀ ਅਸਾਨੀ ਨਾਲ ਬੇਵਕੂਫ਼ ਬਣਾਉਣ ਲਈ ਸੀ।

**ਆਇਤ 8.** ਨਹਮਯਾਹ ਜਾਲ ਵਿਚ ਨਹੀਂ ਫਸਿਆ। ਉਹ ਨੂੰ ਪਤਾ ਸੀ ਕਿ ਅਸਲ ਵਿਚ ਅਜਿਹੀ ਕੋਈ ਖ਼ਬਰ ਨਹੀਂ ਫੈਲੀ। ਉਹ ਨੂੰ ਇਹ ਵੀ ਪਤਾ ਸੀ ਕਿ ਅਰਤਹਸ਼ਸ਼ਤਾ ਨੂੰ ਉਹਦੇ ਉੱਤੇ ਇਤਬਾਰ ਹੈ ਅਤੇ ਉਹਦੇ ਨਾਲ ਸਹਿਮਤ ਹੈ ਅਤੇ ਇਹ ਕਿ ਫ਼ਾਰਸੀ ਰਾਜੇ ਤਕ ਪਹੁੰਚੀ ਕਿਸੇ ਵੀ ਅਜਿਹੀ ਅਫ਼ਵਾਹ ਨੂੰ ਝੱਟ ਰੱਦ ਕਰ ਦਿੱਤਾ ਜਾਣਾ ਸੀ। ਇਸ ਕਰਕੇ ਉਸ ਨੇ ਇਸ ਪੰਜਵੇਂ ਸੰਦੇਸ਼ ਦਾ ਜਵਾਬ ਇਨ੍ਹਾਂ ਸ਼ਬਦਾਂ ਨਾਲ ਦਿੱਤਾ: **ਇਨ੍ਹਾਂ ਗੱਲਾਂ ਦੇ ਅਨੁਸਾਰ ਜਿਹੜੀਆਂ ਤੂੰ ਆਖੀਆਂ ਹਨ ਕੋਈ ਗੱਲ ਨਹੀਂ ਹੋਈ ਕਿਉਂਕਿ ਇਹ ਗੱਲਾਂ ਤੇਰੇ ਹੀ ਮਨ ਦੇ ਲੱਡੂ ਭੋਰੇ ਹੋਏ ਹਨ !** ਇਕ ਅਰਥ ਵਿਚ ਉਹ ਸਨਬੱਲਟ ਨੂੰ ਆਖ ਰਿਹਾ ਸੀ, ''ਤੂੰ ਝੂਠ ਬੋਲ ਰਿਹਾ ਹੈਂ! ਇਹ ਸਾਰੀ ਕਹਾਣੀ ਤੇਰੀ ਹੀ ਬਣਾਈ ਹੋਈ ਹੈ।'' ਕਿਸੇ ਕਾਲਪਨਿਕ ਮੁਸ਼ਕਿਲ ਉੱਤੇ ਚਰਚਾ ਕਰਨ ਲਈ ਆਪਣੇ ਦੋਸਤਾਂ ਨਾਲ ਮੁਲਾਕਾਤ ਕਰਨ ਦਾ ਉਹਦਾ ਕੋਈ ਇਰਾਦਾ ਨਹੀਂ ਸੀ।

**ਆਇਤ 9.** ਇਸ ਘਟਨਾ ਦਾ ਵਿਰਤਾਂਤ ਉਸ ਸਪੱਸ਼ਟ ਗੱਲ ਨਾਲ ਮੁੱਕਦਾ ਹੈ ਜਿਹੜੀ ਇਨ੍ਹਾਂ ਦੁਸ਼ਮਣਾਂ ਨੂੰ ਉਮੀਦ ਸੀ ਕਿ ਮਿਲੇਗੀ। ਉਨ੍ਹਾਂ ਦਾ ਇਰਾਦਾ ਫ਼ਾਰਸੀ ਬਦਲੇ ਦੀ ਕਾਰਵਾਹੀ ਦੀ ਧਮਕੀ ਨਾਲ ਯਹੂਦੀਆਂ ਨੂੰ **ਡਰਾਉਣਾ** ਸੀ ਤਾਂ ਜੋ **ਕੰਮ ਤੋਂ ਉਨ੍ਹਾਂ ਦੇ ਹੱਥ ਝੂਠੇ ਪੈ ਜਾਣ ਭਈ ਉਹ ਕੰਮ ਪੂਰਾ ਨਾ ਹੋਵੇ।** ESV ਵਿਚ ''ਉਨ੍ਹਾਂ ਦੇ ਹੱਥ ਝੂਠੇ ਪੈ ਜਾਣ'' ਦਾ ਸ਼ਬਦੀ ਅਨੁਵਾਦ ''ਉਨ੍ਹਾਂ ਦੇ ਹੱਥ ਕੰਮ ਤੋਂ ਹਟ ਜਾਣ'' ਹੈ।

ਨਹਮਯਾਹ ਨੇ ਇਸ ਸਾਜ਼ਸ਼ ਦੇ ਆਪਣੇ ਰਿਕਾਰਡ ਨੂੰ ਯਹੋਵਾਹ ਦੇ ਅੱਗੇ ਇਹ ਪੁਕਾਰਦਿਆਂ ਖ਼ਤਮ ਕੀਤਾ: **(ਹੇ ਪਰਮੇਸ਼ੁਰ) ਮੇਰੇ ਹੱਥਾਂ ਨੂੰ ਤਕੜੇ ਕਰ !** ਕਿਤਾਬ ਵਿਚ ਖ਼ੁਦਾ ਦੇ ਇਸ ਭਗਤ ਦੀਆਂ ਛੋਟੀਆਂ ਛੋਟੀਆਂ ਦੁਆਵਾਂ ਨਾਲ ਵਿਚ ਵਿਚ ਵਿਰਾਮ ਦਿੱਤਾ ਗਿਆ ਹੈ। ਇੱਥੇ ''ਹੇ ਪਰਮੇਸ਼ੁਰ'' ਇਬਰਾਨੀ ਲਿਖਤ ਵਿਚ ਨਹੀਂ ਮਿਲਦਾ। ਫਿਰ ਵੀ ''ਮੇਰੇ ਹੱਥਾਂ ਨੂੰ ਤਕੜੇ ਕਰ'' ਦੀ ਬੇਨਤੀ ਖ਼ੁਦਾ ਅੱਗੇ ਕੀਤੀ ਗਈ ਦੁਆ ਦੇ ਰੂਪ ਵਿਚ ਬਿਲਕੁਲ ਸਹੀ ਹੈ (ਵੇਖੋ NIV; NRSV; REB)। ਕੁਝ ਸੰਸਕਰਨਾਂ ਵਿਚ ਇਨ੍ਹਾਂ ਸ਼ਬਦਾਂ ਨੂੰ ਨਹਮਯਾਹ ਦੇ ਇਰਾਦੇ ਦੇ ਜ਼ਾਹਿਰ ਕੀਤੇ ਜਾਣ ਦੇ ਰੂਪ ਵਿਚ ਸਮਝਿਆ ਗਿਆ ਹੈ। ਆਪਣੇ ਹੱਥ ਢਿੱਲੇ ਕਰਨ ਦੀ ਬਜਾਇ ਉਸ ਨੇ ਉਨ੍ਹਾਂ ਨੂੰ ''ਤਕੜੇ'' ਕਰਨਾ ਸੀ। NAB ਵਿਚ ਹੈ ''ਮੈਂ ਆਪਣੀਆਂ ਕੋਸ਼ਿਸ਼ਾਂ ਨੂੰ ਦੂਣੀਆਂ ਕਰ ਦਿੱਤਾ,'' NEB ਵਿਚ, ''ਮੈਂ ਆਪਣੇ ਆਪ ਨੂੰ ਹੋਰ ਵੀ ਵੱਧ ਊਰਜਾ ਨਾਲ ਇਸ ਵਿਚ ਲਾ ਦਿੱਤਾ।''

## ਦੂਜੀ ਸਾਜ਼ਸ਼: ''ਆਪਣੇ ਦੁਸ਼ਮਣਾਂ ਤੋਂ ਬਚਣ ਲਈ ਹੈਕਲ ਵਿਚ ਭੱਜ ਜਾਓ''
## (6:10-14)

**10ਫੇਰ ਮੈਂ ਮੁਹੇਯਟਬੇਲ ਦੇ ਪੋਤਰੇ ਦਲਾਯਾਹ ਦੇ ਪੁੱਤਰ ਸਮਆਯਾਹ ਦੇ ਘਰ ਵਿਚ ਆਇਆ। ਉਹ ਬੰਦ ਕੀਤਾ ਹੋਇਆ ਸੀ ਅਤੇ ਉਸ ਆਖਿਆ, ਆਓ, ਅਸੀਂ ਪਰਮੇਸ਼ੁਰ ਦੇ ਭਵਨ ਵਿਚ ਹੈਕਲ ਦੇ ਅੰਦਰ ਮਿਲੀਏ ਅਤੇ ਹੈਕਲ ਦੇ ਬੂਹਿਆਂ ਨੂੰ ਭੇੜ ਲਈਏ ਕਿਉਂਕਿ ਓਹ ਤੈਨੂੰ ਵੱਢਣ ਲਈ ਆਉਣਗੇ, ਹਾਂ, ਉਹ ਤੈਨੂੰ ਰਾਤ ਨੂੰ ਵੱਢਣ ਲਈ ਆਉਣਗੇ 11ਮੈਂ ਆਖਿਆ, ਕੀ ਮੇਰੇ ਵਰਗਾ ਆਦਮੀ ਭੱਜੇ? ਅਤੇ ਮੇਰੇ ਵਰਗਾ ਏਥੇ ਕੌਣ ਹੈ ਕਿ ਹੈਕਲ ਵਿਚ ਜਾ ਕੇ ਆਪਣੀ ਜਾਨ ਬਚਾਵੇ? ਮੈਂ ਅੰਦਰ ਨਹੀਂ ਜਾਵਾਂਗਾ 12ਅਤੇ ਵੇਖੋ, ਮੈਂ ਜਾਤਾ ਕਿ ਪਰਮੇਸ਼ੁਰ ਨੇ ਉਹ ਨੂੰ ਨਹੀਂ ਘੱਲਿਆ ਸੀ ਪਰ ਉਹ ਮੇਰੇ ਵਿਰੁੱਧ ਇਸ ਗੱਲ ਦਾ ਅਗੰਮ ਵਾਕ ਬੋਲਿਆ ਕਿਉਂ ਜੋ ਟੋਬੀਯਾਹ ਤੇ ਸਨਬੱਲਟ ਨੇ ਉਹ ਨੂੰ ਭਾੜੇ ਤੇ ਰੱਖਿਆ ਸੀ 13ਉਹ ਇਸ ਲਈ ਭਾੜੇ ਤੇ ਰੱਖਿਆ ਗਿਆ ਕਿ ਮੈਂ ਡਰ ਜਾਵਾਂ ਅਤੇ ਐਉਂ ਕਰ ਕੇ ਮੈਂ ਪਾਪੀ ਬਣਾਂ ਜਿਸ ਨਾਲ ਓਹ ਮੇਰੀ ਬਦਨਾਮੀ ਕਰਨ ਅਤੇ ਇਹ ਮੇਰੀ ਨਿੰਦਿਆ ਦਾ ਕਾਰਣ ਹੋਵੇ। 14ਹੇ ਮੇਰੇ ਪਰਮੇਸ਼ੁਰ, ਟੋਬੀਯਾਹ ਅਤੇ ਸਨਬੱਲਟ ਨੂੰ ਉਨ੍ਹਾਂ ਦੇ ਇਨ੍ਹਾਂ ਕੰਮਾਂ ਅਨੁਸਾਰ ਅਤੇ ਨੋਆਦਯਾਹ ਨਬੀਆਹ ਅਤੇ ਬਾਕੀ ਦੇ ਨਬੀਆਂ ਨੂੰ ਜਿਹੜੇ ਮੈਨੂੰ ਡਰਾਉਣਾ ਚਾਹੁੰਦੇ ਸਨ ਚੇਤੇ ਕਰ।**

**ਆਇਤ 10.** ਨਹਮਯਾਹ ਨੂੰ ਦੂਜੀ ਸਾਜ਼ਸ਼ ਦਾ ਪਤਾ ਉਦੋਂ ਲੱਗਾ ਜਦੋਂ ਉਹ **ਸਮਆਯਾਹ ਦੇ ਘਰ ਵਿਚ ਆਇਆ**। ਵਚਨ ਇਹ ਨਹੀਂ ਦੱਸਦਾ ਕਿ ਨਹਮਯਾਹ ਸਮਆਯਾਹ ਦੇ ਘਰ ਕਿਉਂ ਗਿਆ ਜਾਂ ਸਮਆਯਾਹ ਨੂੰ ਉੱਥੇ ''ਬੰਦ'' ਕਿਉਂ ਕੀਤਾ ਗਿਆ (KJV)। ਸਮਆਯਾਹ ਦੇ ਬੰਦ ਕੀਤੇ ਜਾਣ ਦੀਆਂ ਵੱਖੋ ਵੱਖ ਵਿਆਖਿਆ ਦਿੱਤੀਆਂ ਗਈਆਂ ਹਨ। ਐੱਚ. ਐੱਮ. ਵਿਲੀਅਮ ਨੇ 6:10 ਦਾ ਅਨੁਵਾਦ ਇਵੇਂ ਕੀਤਾ, ''ਬਾਅਦ ਵਿਚ ਮੈਂ ਸਮਆਯਾਹ ਦੇ ਘਰ ਗਿਆ, ... ਜਿਹੜਾ ਬੇਹੱਦ ਚਿੰਤਤ ਲਗ ਰਿਹਾ ਸੀ।'' ਉਸ ਨੇ ਕਿਹਾ ਕਿ ਇਹ ਅਨੁਵਾਦ ਸੰਦਰਭ ਨਾਲ ਬਿਲਕੁਲ ਠੀਕ ਹੈ ਕਿ ਸਮਆਯਾਹ ਨੇ ਇਹ ਦਾਅਵਾ ਕਰਦੇ ਹੋਏ ਕਿ ਉਹ ਨੂੰ ਖ਼ੁਦਾ ਵੱਲੋਂ ਉਹਦੇ ਲਈ ਇਕ ਸੰਦੇਸ਼ ਮਿਲਿਆ ਹੈ ਨਹਮਯਾਹ ਨੂੰ ਸੱਦਿਆ। ਜਦ ਨਹਮਯਾਹ ਉਹਦੇ ਕੋਲ ਪਹੁੰਚਿਆ ਤਾਂ ਉਸ ਨੇ ਉੱਤਰੇ ਜਿਹੇ ਮੂੰਹ ਨਾਲ ਉਹ ਨੂੰ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ।[8]

ਇਹ ਤੱਥ ਕਿ ਨਹਮਯਾਹ ਨੇ ਉਸਦਾ ਸੱਦਾ ਮੰਜ਼ੂਰ ਕਰ ਲਿਆ, ਇਹ ਸੰਕੇਤ ਦਿੰਦਾ ਹੈ ਕਿ ਸਮਾਆਯਾਹ ਸਮਾਜ ਵਿਚ ਇੱਜ਼ਤਦਾਰ ਆਦਮੀ ਸੀ। ਹੋ ਸਕਦਾ ਹੈ ਕਿ ਉਹ ਯਾਜਕ ਹੋਵੇ। ਕਿਉਂ ਜੋ ਉਸਨੇ ਸੁਝਾਅ ਦਿੱਤਾ ਕਿ **ਹੈਕਲ ਦੇ ਅੰਦਰ ਮਿਲੀਏ**, ਜਾਂ ਹੋ ਸਕਦਾ ਹੈ ਕਿ ਉਹ ਕੋਈ ਨਬੀ ਹੋਵੇ, ਜਿਸ ਕਰਕੇ ਨਹਮਯਾਹ ਨੂੰ ਕਹੀਆਂ ਉਹਦੀਆਂ ਗੱਲਾਂ ਨਬੂਵਤ ਵਰਗੀਆਂ ਲੱਗੀਆਂ।[9] ਜੋ ਵੀ ਹੋਵੇ, ਸਮਾਆਯਹ ਨੇ ਨਹਮਯਾਹ ਨੂੰ ਤਾਲਾਬੰਦ **ਬੂਹਿਆਂ** ਦੇ ਪਿੱਛੇ ''ਹੈਕਲ ਦੇ ਅੰਦਰ'' ਉਸ ਨੂੰ ਮਿਲਣ ਲਈ ਆਖਿਆ ਕਿਉਂ ਜੋ ਨਹਮਯਾਹ ਦੇ ਦੁਸ਼ਮਣ ਉਸ ਨੂੰ **ਰਾਤ ਨੂੰ ਵੱਢਣ ਲਈ ਆਉਣ** ਵਾਲੇ ਸਨ। ਅਣਕਹੀ ਧਾਰਣਾ ਇਹ ਸੀ ਕਿ ਉਹ ਹੈਕਲ ਵਿਚ ਸੁਰੱਖਿਅਤ ਹੋਵੇਗਾ।

ਇਸ ਬੇਨਤੀ ਦੀ ਵਿਆਖਿਆ ਇਕ ਤਰਕਸੰਗਤ ਯੋਜਨਾ ਦੇ ਰੂਪ ਵਿਚ ਵੀ ਕੀਤੀ ਜਾ ਸਕਦੀ ਸੀ। ਨਹਮਯਾਹ ਯਹੂਦੀਆਂ ਦਾ ਆਗੂ ਸੀ, ਇਸ ਕਰਕੇ ਉਨ੍ਹਾਂ ਦੀ ਸਫ਼ਲਤਾ ਲਈ ਉਸ ਦੀ ਤੰਦਰੁਸਤੀ ਜ਼ਰੂਰੀ ਸੀ; ਇਸ ਲਈ ਜੇ ਉਹ ਰਾਤ ਨੂੰ ਹੈਕਲ ਦੇ ਅੰਦਰ ਜਾ ਰਿਹਾ ਸੀ ਤਾਂ ਇਹ ਤਕਨੀਕੀ ਤੌਰ ਤੇ ਸ਼ਰ੍ਹਾ ਦੇ ਖ਼ਿਲਾਫ਼ ਸੀ, ਇਸ ਕਰਕੇ ਉਹਨੇ ਇਸ ਇਕ ਮੌਕੇ ਤੇ ਪਨਾਹ ਲੈਣ ਲਈ ਕਬੂਲੇ ਜਾਣ ਯੋਗ ਮੰਨ ਲਿਆ ਗਿਆ ਹੋ ਸਕਦਾ ਹੈ। ਆਪਣੇ ਆਪ ਨੂੰ ਸੁਰੱਖਿਅਤ ਰੱਖ ਕੇ ਇਕ ਵੱਡਾ ਭਲਾ ਹੋ ਸਕਦਾ ਸੀ ਕਿ ਕੰਧ ਨੂੰ ਬਣਾਇਆ ਜਾ ਸਕਦਾ ਸੀ।

ਸ਼ਰ੍ਹਾ ਵਿਚ ਅਜਿਹੇ ਮਾਮਲਿਆਂ ਉੱਤੇ ਕੀ ਕਿਹਾ ਗਿਆ ਹੈ? ਇਸ ਵਿਚ ਯਾਜਕਾਂ ਨੂੰ ਛੱਡ ਕਿਸੇ

ਨੂੰ ਵੀ ਹੈਕਲ ਦੇ ਅੰਦਰ ਦਾਖਲ ਹੋਣ ਦੀ ਮਨਾਹੀ ਹੈ (ਭਾਵੇਂ ਆਮ ਲੋਕ ਹੈਕਲ ਦੇ ਆਲੇ ਦੁਆਲੇ ਦੇ ਅਹਾਤੇ ਦੇ ਅੰਦਰ ਵੜ ਸਕਦੇ ਸਨ)। ਕੁਝ ਹਾਲਾਤ ਵਿਚ ਆਮ ਆਦਮੀ ਵੇਦੀ ਦੇ ਸਿੰਗਾਂ ਨੂੰ ਫੜ੍ਹ ਕੇ ਹੈਕਲ ਦੇ ਅਹਾਤੇ ਵਿਚ ਪਨਾਹ ਮੰਗ ਸਕਦਾ ਸੀ (ਵੇਖੋ ਕੂਚ 21:13, 14; 1 ਰਾਜਿਆਂ 1:50–53; 2:28–32)। ਫਿਰ ਵੀ ਕਿਸੇ ਬਾਹਰੀ ਦੁਸ਼ਮਣ ਤੋਂ ਪਨਾਹ ਲੈਣਾ ਉਨ੍ਹਾਂ ਹਾਲਾਤ ਵਿੱਚ ਕਿਸੇ ਵਿਚ ਵੀ ਨਹੀਂ ਸੀ। ਬਲਕਿ ਨਹਮਯਾਹ ਲਈ ''ਮੌਤ ਦੀ ਸਜ਼ਾ ਤੇ ਵੜਨ ਦੀ ਮਨਾਹੀ ਸੀ (ਗਿਣਤੀ 3:10; 18:7)।''[10]

**ਆਇਤ 11.** ਨਹਮਯਾਹ ਦਾ ਜਵਾਬ ਦੋ ਅਲੰਕਾਰਿਕ ਸਵਾਲਾਂ ਦੇ ਰੂਪ ਵਿਚ ਦਿੱਤਾ ਗਿਆ, ਦੋਹਾਂ ਦਾ ਸਬੰਧ ਖ਼ੁਦਾ ਦੇ ਸੇਵਕ ਦੇ ਰੂਪ ਵਿਚ ਉਸ ਦੇ ਆਪਣੇ ਆਪ ਨੂੰ ਸਮਝਣ ਨਾਲ ਸਬੰਧਿਤ ਸੀ।

ਪਹਿਲਾਂ ਤਾਂ ਉਸਨੇ ਆਖਿਆ, **ਕੀ ਮੇਰੇ ਵਰਗਾ ਆਦਮੀ ਭੱਜੇ?** ਦੂਜੇ ਸ਼ਬਦਾਂ ਵਿਚ ਉਹ ਆਖ ''ਰਿਹਾ ਸੀ ਕਿ ਭਲਾ ਯਹੂਦਾਹ ਦੇ ਹਾਕਮ ਨੂੰ ਜਿਹੜਾ ਆਪਣੇ ਲੋਕਾਂ ਦਾ ਆਗੂ ਅਤੇ ਯਹੋਵਾਹ ਦਾ ਵਫ਼ਾਦਾਰ ਮੰਨਣ ਵਾਲਾ ਹੈ, ਖ਼ਤਰੇ ਤੋਂ ਭੱਜਣਾ ਚਾਹੀਦਾ ਹੈ?'' ਨਹਮਯਾਹ ਨੂੰ ਆਪਣੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਤੇ ਯਕੀਨ ਸੀ। ਉਸ ਨੂੰ ਇਹ ਸਮਝ ਸੀ ਕਿ ਉਸ ਦੇ ਹੈਕਲ ਵਿਚ ਵੜਨ ਕਰਕੇ ਉਸ ਦੀ ਬੇਇੱਜ਼ਤੀ ਹੋਣੀ ਸੀ ਅਤੇ ਯਹੂਦੀਆਂ ਦੇ ਆਗੂ ਦੇ ਰੂਪ ਵਿਚ ਉਸ ਦੀ ਕਦਰ ਘਟਣੀ ਸੀ।

ਫਿਰ, ਉਸ ਨੇ ਪੁੱਛਿਆ, **ਮੇਰੇ ਵਰਗਾ ਏਥੇ ਕੌਣ ਹੈ ਕਿ ਹੈਕਲ ਵਿਚ ਜਾ ਕੇ ਆਪਣੀ ਜਾਨ ਬਚਾਵੇ?** ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ''ਕੀ ਤੈਨੂੰ ਲਗਦਾ ਹੈ ਕਿ ਮੈਂ ਇਸ ਗੱਲ ਦੀ ਸਮਝ ਨਹੀਂ ਰਖਦਾ ਕਿ ਹੈਕਲ ਦੇ ਅੰਦਰ ਵੜਨ ਦਾ ਹੱਕ ਸਿਰਫ਼ ਯਾਜਕਾਂ ਨੂੰ ਹੈ? ਮੈਂ ਯਾਜਕ ਨਹੀਂ ਹਾਂ; ਜੇ ਇਕ ਆਦਮੀ ਦੇ ਰੂਪ ਵਿਚ ਮੈਂ ਹੈਕਲ ਦੇ ਅੰਦਰ ਚਲਿਆ ਜਾਂਦਾ ਹਾਂ ਤਾਂ ਮੇਰੀ ਜਾਨ ਜਾ ਸਕਦੀ ਹੈ।'' ਖ਼ੁਦਾ ਦੀ ਸ਼ਰ੍ਹਾ ਨੂੰ ਤੋੜਨ ਜਾਂ ਉਸ ਦੇ ਪਵਿੱਤਰ ਭਵਨ ਨੂੰ ਦੂਸ਼ਿਤ ਕਰਨ ਦੀ ਇੱਛਾ ਨਾ ਰੱਖਦੇ ਹੋਏ, ਨਹਮਯਾਹ ਨੇ ਆਪਣੇ ਆਪ ਨੂੰ ਉਹਦੇ ਅੱਗੇ ਹਲੀਮ ਬਣਾਈ ਰੱਖਿਆ। ਨਹਮਯਾਹ ਮਨੁੱਖਾਂ ਅੱਗੇ ਦਲੇਰ ਅਤੇ ਖ਼ੁਦਾ ਅੱਗੇ ਹਲੀਮ ਸੀ, ਇਸ ਕਰਕੇ ਉਸਨੇ ਹੈਕਲ ਵਿਚ ਵੜਨ ਤੋਂ ਇਨਕਾਰ ਕਰ ਦਿੱਤਾ। ਐਡਵਿਨ ਐੱਮ. ਯਾਮੋਚੀ ਨੇ ਟਿੱਪਣੀ ਕੀਤੀ ਹੈ ਕਿ ''ਨਹਮਯਾਹ ਕੋਈ ਡਰਪੋਕ ਆਦਮੀ ਨਹੀਂ ਸੀ ਕਿ ਉਹ ਲੁਕਣ ਲਈ ਭੱਜ ਜਾਵੇ। ... ਨਾ ਹੀ ਉਸਨੇ ਆਪਣੀ ਜਾਨ ਬਚਾਉਣ ਲਈ ਸ਼ਰ੍ਹਾ ਨੂੰ ਤੋੜਿਆ।''[11]

**ਆਇਤ 12.** ਸਾਫ਼ ਹੈ ਕਿ ਫੌਰੀ ਜਵਾਬ ਦੇਣ ਤੋਂ ਬਾਅਦ ਨਹਮਯਾਹ ਨੇ **ਜਾਤਾ** ਕਿ ਸਮਆਯਾਹ ਉਹਦੇ ਨਾਲ ਝੂਠ ਬੋਲ ਰਿਹਾ ਹੈ। ਉਹ ਨੂੰ ਕਿਵੇਂ ਪਤਾ ਲੱਗਾ? ਉਸਨੇ ਨਿਚੋੜ ਕੱਢਿਆ ਕਿ **ਪਰਮੇਸ਼ੁਰ ਨੇ ਉਹ ਨੂੰ ਨਹੀਂ ਘੱਲਿਆ ਸੀ**, ਕਿਉਂ ਜੋ ਉਸ ਨੇ ਨਹਮਯਾਹ ਨੂੰ ਮੂਸਾ ਦੀ ਸ਼ਰ੍ਹਾ ਦੇ ਉਲਟ ਕੁਝ ਕਰਨ ਨੂੰ ਕਿਹਾ ਸੀ (ਵੇਖੋ ਬਿਵਸਥਾ ਸਾਰ 13:1–5)। ਨਹਮਯਾਹ ਨੇ ਨਿਚੋੜ ਕੱਢਿਆ ਕਿ ਜੇ ਖ਼ੁਦਾ ਨੇ ਉਹ ਨੂੰ ਨਹੀਂ ਘੱਲਿਆ ਸੀ ਤਾਂ ਉਹ ਨੂੰ ਜ਼ਰੂਰ ਯਹੂਦਾਹ ਦੇ ਦੁਸ਼ਮਣਾਂ ਟੋਬੀਯਾਹ ਅਤੇ ਸਨਬੱਲਟ ਨੇ **ਭਾੜੇ ਤੇ ਰੱਖਿਆ** ਹੋਵੇਗਾ। ਇਸ ਕਰਕੇ ਇਹ ਵਚਨ (ਵੇਖੋ 6:14) ਸੰਕੇਤ ਦਿੰਦਾ ਹੈ ਕਿ ਕਈ ਨਬੀ ਭਾੜੇ ਤੇ ਕੰਮ ਕਰਦੇ ਸਨ, ਜਾਂ ਜਿਵੇਂ ਕਿਸੇ ਨੇ ਕਿਹਾ ਹੈ ਕਿ ਯਹੂਦਾਹ ਵਿਚ ''ਨਬੀ ਕਮਾਈ ਲਈ'' ਸਨ।

**ਆਇਤ 13.** ਨਹਮਯਾਹ ਦੇ ਦੁਸ਼ਮਣਾਂ ਨੇ ਉਹਦੇ ਨਾਲ ਝੂਠ ਬੋਲਣ ਲਈ ਕਿਸੇ ਨਬੀ ਨੂੰ ਭਾੜੇ ਤੇ ਕਿਉਂ ਰੱਖਣਾ ਸੀ? ਇਸ ਕਹਾਣੀ ਦੇ ਰਾਹੀਂ ਉਹ ਚਾਹੁੰਦੇ ਸਨ ਕਿ ਇਸ ਗੱਲ ਤੋਂ ਕਿ ਲੋਕ ਉਸ ਨੂੰ ਮਾਰਨ ਲਈ ਆ ਰਹੇ ਸਨ, ਉਹ **ਡਰ** ਜਾਵੇ। ਜੇ ਇਹ ਗੱਲ ਸੀ ਤਾਂ ਉਸ ਦੀ ਇੱਜ਼ਤ ਖ਼ਤਮ ਹੋ ਜਾਣੀ ਸੀ। ਲੋਕਾਂ ਆਖਣਾ ਸੀ ਕਿ ਯਹੂਦੀਆਂ ਦਾ ਹਾਕਮ ਡਰਪੋਕ ਸੀ ਜਿਹੜਾ ਆਪਣੇ ਦੁਸ਼ਮਣਾਂ ਦੇ ਅੱਗਿਓ ਭਜ ਗਿਆ। ਹੋਰ ਤਾਂ ਹੋਰ ਉਸ ਨੇ ਇਕ ਆਮ ਆਦਮੀ ਵਜੋਂ ਜਾਣਿਆ ਜਾਣਾ ਸੀ ਜਿਹੜਾ ਹੈਕਲ ਦੇ ਅੰਦਰ ਵੜ ਗਿਆ ਅਤੇ ਅਜਿਹਾ ਕਰਕੇ ਖ਼ੁਦਾ ਦੀ ਪਵਿੱਤਰ ਹੈਕਲ ਨੂੰ ਦੂਸ਼ਿਤ ਕਰਕੇ ਉਹ **ਪਾਪੀ** ਬਣ ਗਿਆ! ਜੇ ਨਹਮਯਾਹ ਇਸ ਤਰ੍ਹਾਂ **ਨਿੰਦਿਆ** ਦਾ ਕਾਰਣ ਬਣ ਜਾਂਦਾ ਤਾਂ ਉਹ ਨੇ ਕੰਧ ਨੂੰ

ਬਣਾਉਣ ਵਿਚ ਲੋਕਾਂ ਦੀ ਅਗਵਾਈ ਕਰਦੇ ਰਹਿਣ ਦੇ ਯੋਗ ਨਹੀਂ ਰਹਿਣਾ ਸੀ। ਕੰਮ ਸੰਭਵ ਤੌਰ ਤੇ ਅਧੂਰਾ ਰਹਿ ਜਾਣਾ ਸੀ।

**ਆਇਤ 14.** ਨਹਮਯਾਹ ਫੇਰ ਦੁਆ ਵਿਚ **ਪਰਮੇਸ਼ੁਰ** ਵੱਲ ਮੁੜਿਆ, ਇਸ ਵਾਰ ਉਸ ਨੇ **ਟੋਬੀਯਾਹ ਅਤੇ ਸਨਬੱਲਟ** ਨੂੰ ਉਨ੍ਹਾਂ ਦੀ ਉਸ ਬੁਰਿਆਈ ਲਈ ਜਿਹੜੀ ਉਨ੍ਹਾਂ ਨੇ ਕੀਤੀ ਸੀ **ਚੇਤੇ** ਕਰਨ ਲਈ ਆਖਿਆ। ਫਿਰ ਉਸ ਨੇ ਖ਼ੁਦਾ ਨੂੰ **ਨੋਆਦਯਾਹ ਨਬੀਆਹ** ਨੂੰ ਯਾਦ ਕਰਨ ਲਈ ਆਖ ਕੇ ਇਕ ਪਿੱਛਲ ਲਿਖਤ ਜੋੜ ਦਿੱਤੀ।[12] ਜ਼ਾਹਿਰ ਹੈ ਕਿ ਓਸ ਨੇ ਓਸੇ ਨਬੂਵਤ ਨੂੰ ਜਿਹੜੀ ਉਹਨੇ ਸਮਾਆਯਾਹ ਤੋਂ ਸੁਣੀ ਸੀ, ਓਸੇ ਮਕਸਦ (ਉਹ ਨੂੰ **ਡਰਾਉਣ** ਲਈ) ਲਈ ਆਖ ਕੇ, ਉਹ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। **ਬਾਕੀ ਦੇ ਨਬੀਆਂ** ਦੀ ਗੱਲ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਨਹਮਯਾਹ ਨਾਲ ਇਹੋ ਜਿਹੇ ਝੂਠੇ ਬੋਲ ਬੋਲੇ ਜਾਂਦੇ ਰਹੇ।

## ਸ਼ਹਿਰਪਨਾਹ ਦਾ ਪੂਰਾ ਹੋਣਾ (6:15, 16)

**15ਸੋ ਕੰਧ ਅਲੂਲ ਦੇ ਮਹੀਨੇ ਦੀ ਪੰਝੀ ਤਾਰੀਖ ਨੂੰ ਬਵੰਜਵੇਂ ਦਿਨ ਪੂਰੀ ਹੋ ਗਈ। 16ਤਾਂ ਐਉਂ ਹੋਇਆ ਕਿ ਜਦ ਸਾਡੇ ਸਾਰੇ ਵੈਰੀਆਂ ਨੇ ਸੁਣਿਆ ਅਤੇ ਸਾਰੀਆਂ ਕੌਮਾਂ ਨੇ ਜਿਹੜੀਆਂ ਸਾਡੇ ਆਲੇ ਦੁਆਲੇ ਸਨ ਵੇਖਿਆ, ਓਹ ਆਪਣੀ ਹੀ ਨਿਗਾਹ ਵਿਚ ਆਪ ਹੀ ਡਿੱਗ ਪਏ, ਕਿਉਂਕਿ ਉਨ੍ਹਾਂ ਨੇ ਜਾਣ ਲਿਆ ਕਿ ਇਹ ਕੰਮ ਸਾਡੇ ਪਰਮੇਸ਼ੁਰ ਵੱਲੋਂ ਕੀਤਾ ਜਾ ਰਿਹਾ ਹੈ।**

**ਆਇਤ 15.** ਨਹਮਯਾਹ ਦੇ ਵਿਰਤਾਂਤ ਦੇ ਚਰਮ ਵਿਚ ਸਿਰਫ਼ ਐਨਾ ਕਿਹਾ ਗਿਆ ਹੈ: **ਸੋ ਕੰਧ ਪੂਰੀ ਹੋ ਗਈ।** ਯਹੂਦਾਹ ਦੇ ਦੁਸ਼ਮਣਾਂ ਦੀਆਂ ਸਾਰੀਆਂ ਯੋਜਨਾਵਾਂ ਦੇ ਨਾਕਾਮ ਹੋਣ ਤੋਂ ਬਾਅਦ, ਨਹਮਯਾਹ ਦੀ ਅਗਵਾਈ, ਕੰਮ ਕਰਨ ਵਾਲਿਆਂ ਦੀ ਲਗਨ ਅਤੇ ਖ਼ਾਸ ਕਰਕੇ ਯਹੋਵਾਹ ਦੀ ''ਮਦਦ'' (6:16) ਲਈ ਧੰਨਵਾਦ ਕਿ ਇਹ ਕੰਮ ਸਫ਼ਲਤਾ ਨਾਲ ਪੂਰਾ ਹੋ ਗਿਆ। ਨਹਮਯਾਹ ਨੇ ਲਿਖਿਆ ਕਿ ਇਹ ਸਾਲ ਦੇ ਛੇਵੇਂ **ਮਹੀਨੇ** ਦੀ **ਅਲੂਲ ਦੀ ਪੰਝੀ ਤਾਰੀਖ** ਨੂੰ ਪੂਰਾ ਹੋ ਗਿਆ। ''ਅਲੂਲ'' ਦਾ ਮਹੀਨਾ ਸਾਫ਼ ਤੌਰ ਤੇ ਅਗਸਤ/ਸਤੰਬਰ ਦੇ ਸਮੇਂ ਨਾਲ ਮੇਲ ਖਾਂਦਾ ਹੈ। ਅੱਜ ਇਹ ਘਟਨਾ 2 ਅਕਤੂਬਰ, 445 ਈ.ਪੂ. ਦੀ ਦੱਸੀ ਜਾਂਦੀ ਹੈ (ਵੇਖੋ NLT)।

ਕੰਮ ਸਿਰਫ਼ **ਬਵੰਜਵੇਂ ਦਿਨ** ਪੂਰਾ ਹੋ ਗਿਆ ਜੋ ਕਿਸੇ ਦੇ ਵੀ ਮਾਨਕ ਨਾਲ ਇਕ ਸ਼ਾਨਦਾਰ ਪ੍ਰਾਪਤੀ ਸੀ। ਮਨੁੱਖੀ ਨਜ਼ਰੀਏ ਤੋਂ ਹਾਲਾਤ ਦੀ ਜ਼ਰੂਰਤ, ਸਵੈ-ਸੇਵਕਾਂ ਦੀ ਐਨੀ ਵੱਡੀ ਗਿਣਤੀ, ਉਸਾਰੀ ਲਈ ਪੱਥਰਾਂ ਦੀ ਮੁੜ ਤੋਂ ਵਰਤੋਂ ਅਤੇ ਇਹ ਤੱਥ ਕਿ ਉਹ ਬਣਾ ਰਹੇ ਸਨ (ਨਾ ਕਿ ਖੁਰਚਣ ਤੋਂ ਸ਼ੁਰੂ ਕਰਕੇ) ਸਭ ਨੇ ਕੰਮ ਦੇ ਬੜੀ ਤੇਜ਼ੀ ਨਾਲ ਪੂਰਾ ਹੋਣ ਵਿਚ ਯੋਗਦਾਨ ਦਿੱਤਾ। ਭਾਵੇਂ ਕੰਧ ਦੇ ਪੂਰਾ ਹੋਣ ਦਾ ਵਿਰਤਾਂਤ ਨਹਮਯਾਹ 6 ਵਿਚ ਮਿਲਦਾ ਹੈ ਪਰ ਇਸ ਦੀ ਚੱਠ ਕੀਤੇ ਜਾਣ ਦਾ ਵੇਰਵਾ 12:27-43 ਤਕ ਟਾਲ ਦਿੱਤਾ ਜਾਂਦਾ ਹੈ।

**ਆਇਤ 16.** ਯਹੂਦਾਹ ਦੇ ਗੁਆਂਢੀ ਯਹੂਦੀਆਂ ਦੀ ਪ੍ਰਾਪਤੀ ਤੇ ਹੈਰਾਨ ਰਹਿ ਗਏ। ਨਹਮਯਾਹ ਨੇ ਆਖਿਆ ਕਿ ਯਹੂਦੀਆਂ ਦੀ ਪ੍ਰਾਪਤੀ ਦੀ ਖ਼ਬਰ ਸੁਣ ਕੇ ਉਨ੍ਹਾਂ ਦੇ **ਵੈਰੀ** ਆਪਣੀ ਨਿਗਾਹ ਵਿਚ ਆਪ ਹੀ ਡਿੱਗ ਪਏ। ਇਹੀ ਪ੍ਰਤੀਕਿਰਿਆ **ਸਾਰੀਆਂ ਕੌਮਾਂ** ਜਾਂ ਆਲੇ ਦੁਆਲੇ ਦੇ ਸਭ ਰਹਿਣ ਵਾਲੇ ਲੋਕਾਂ ਦੀ ਹੋਈ।

ਆਇਤ 16 ਦੀ ਇਬਰਾਨੀ ਲਿਖਤ, ਜੋ ਕਿ ਮੁਸ਼ਕਿਲ ਹੈ, ਕਈ ਤਰੀਕਿਆ ਨਾਲ ਅਨੁਵਾਦ ਕੀਤੀ ਗਈ ਹੈ। ਉਦਾਹਰਣ ਲਈ NIV ਵਿਚ ਇਸ ਦਾ ਅਨੁਵਾਦ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ: ''ਜਦ ਸਾਡੇ ਸਭ ਦੁਸ਼ਮਣਾਂ ਨੇ ਇਸ ਬਾਰੇ ਸੁਣਿਆ ਤਾਂ ਆਲੇ ਦੁਆਲੇ ਦੀਆਂ ਸਾਰੀਆਂ ਕੌਮਾਂ

ਡਰ ਗਈਆਂ ਅਤੇ ਆਪਣਾ ਆਪਾ ਗੁਆ ਬੈਠੀਆਂ।'' NAB ਵਿਚ ਹੈ ''ਜਦ ਸਾਡੇ ਦੁਸ਼ਮਣਾਂ ਨੇ ਇਹ ਸੁਣਿਆ, ਅਤੇ ਆਲੇ ਦੁਆਲੇ ਦੀਆਂ ਸਭ ਕੌਮਾਂ ਨੂੰ ਇਹ ਪਤਾ ਲੱਗਾ ਤਾਂ ਸਾਡੇ ਦੁਸ਼ਮਣ ਕੌਮਾਂ ਦੀ ਨਜ਼ਰ ਵਿਚ ਸ਼ਰਮਸਾਰ ਹੋ ਗਏ।'' REB ਵਿਚ ਕਿਹਾ ਗਿਆ ਹੈ ਕਿ ''ਉਨ੍ਹਾਂ ਨੂੰ ਇਹ ਇਕ ਬੜੀ ਵੱਡੀ ਪ੍ਰਾਪਤੀ ਲੱਗੀ।'' NIV ਨਾਲ ਮੇਲ ਖਾਂਦੇ ਹੋਏ, ਵਿਲੀਅਮਸ ਨੇ ਇਸ ਆਇਤ ਦਾ ਅਨੁਵਾਦ ਕੀਤਾ ਹੈ, ''ਜਦ ਸਾਡੇ ਦੁਸ਼ਮਣਾਂ ਨੇ ਇਸ ਬਾਰੇ ਸੁਣਿਆ, ਤਾਂ ਉਹ ਸਭ ਕੌਮਾਂ ਜਿਹੜੀਆਂ ਸਾਡੇ ਆਲੇ ਦੁਆਲੇ ਦੀਆਂ ਸਨ, ਡਰ ਗਈਆਂ ਅਤੇ ਉਨ੍ਹਾਂ ਦਾ ਸਵੈ–ਮਾਣ ਕਾਫ਼ੀ ਘਟ ਗਿਆ; ਉਨ੍ਹਾਂ ਨੂੰ ਸਮਝ ਆ ਗਿਆ ਕਿ ਇਹ ਕੰਮ ਸਾਡੇ ਖ਼ੁਦਾ (ਦੀ ਸ਼ਕਤੀ) ਦੇ ਰਾਹੀਂ ਪੂਰਾ ਹੋਇਆ ਸੀ।'' ਫਿਰ ਉਸ ਨੇ ਟਿੱਪਣੀ ਕੀਤੀ, ''ਜਦ ਨਹਮਯਾਹ ਦੀਆਂ ਪ੍ਰਾਪਤੀਆਂ ਦੀ ਖ਼ਬਰ ਆਗੂਆਂ ਤੋਂ ਲੋਕਾਂ ਤਕ ਪੁੱਜੀ ਤਾਂ ਉਹ ਆਪਣੇ ਲੋਕਾਂ ਦੀ ਤਰਫ਼ੋ ਖ਼ੁਦਾ ਦੀ ਸ਼ਕਤੀ ਦੇ ਇਸ ਸਾਫ਼ ਵਿਖਾਏ ਜਾਣ ਤੇ ਭੈਭੀਤ ਹੋ ਗਏ।''[13]

ਕੰਧ ਨੂੰ ਪੂਰਾ ਕਰਕੇ ਯਹੂਦੀਆਂ ਨੇ ਆਪਣੇ ਦੁਸ਼ਮਣਾਂ ਦੀ ਹਵਾ ਕੱਢ ਦਿੱਤੀ ਅਤੇ ਆਂਢ–ਗੁਆਂਢ ਦੇ ਰਾਜਾਂ ਦੇ ਲੋਕਾਂ ਦੀ ਨਜ਼ਰ ਵਿਚ ਵੱਡਾ ਆਦਰ ਪਾਇਆ, ਜਿਨ੍ਹਾਂ ਨੇ ਮੰਨਿਆ ਕਿ ਇਹ ਪ੍ਰਾਪਤੀਆਂ ਉਨ੍ਹਾਂ ਦੇ ਯਹੋਵਾਹ **ਪਰਮੇਸ਼ੁਰ ਵੱਲੋਂ** ਸਨ। ਗੈਰਕੌਮਾਂ ਨੇ ਯਹੂਦੀਆਂ ਦੇ ''ਚੰਗੇ ਕੰਮ'' ਵੇਖੇ ਸਨ ਜਿਸ ਕਰਕੇ ਉਨ੍ਹਾਂ ਨੇ ਖ਼ੁਦਾ ਦੀ ਵਡਿਆਈ ਕੀਤੀ (ਵੇਖੋ ਮੱਤੀ 5:16)।

## ਨਹਮਯਾਹ ਦਾ ਵਿਰੋਧ ਉਨ੍ਹਾਂ ਯਹੂਦੀਆਂ ਵੱਲੋਂ ਜਿਹੜੇ ਦੁਸ਼ਮਣ ਦੇ ਦੋਸਤ ਸਨ (6:17-19)

**[17]ਨਾਲੇ ਉਨ੍ਹਾਂ ਦਿਨਾਂ ਵਿਚ ਯਹੂਦਾਹ ਦੇ ਧੌਲ ਦਾੜ੍ਹੀਆਂ ਦੀਆਂ ਬਹੁਤ ਸਾਰੀਆਂ ਚਿੱਠੀਆਂ ਟੋਬੀਯਾਹ ਕੋਲ ਆਈਆਂ ਅਤੇ ਟੋਬੀਯਾਹ ਦੀਆਂ ਉਨ੍ਹਾਂ ਕੋਲ ਗਈਆਂ [18]ਕਿਉਂ ਜੋ ਯਹੂਦਾਹ ਵਿੱਚੋਂ ਬਹੁਤ ਸਾਰਿਆਂ ਨੇ ਉਹ ਦੇ ਮਗਰ ਹੋਣ ਦੀ ਸਹੁੰ ਖਾਧੀ ਕਿਉਂਕਿ ਉਹ ਆਰਹ ਦੇ ਪੁੱਤਰ ਸ਼ਕਨਯਾਹ ਦਾ ਜੁਵਾਈ ਸੀ ਅਤੇ ਉਹ ਦੇ ਪੁੱਤਰ ਯਹੋਹਾਨਾਨ ਨੇ ਬਰਕਯਾਹ ਦੇ ਪੁੱਤਰ ਮਸ਼ੁੱਲਾਮ ਦੀ ਧੀ ਨੂੰ ਵਿਆਹ ਲਿਆ ਸੀ**
**[19]ਨਾਲੇ ਉਹ ਦੀਆ ਨੇਕੀਆਂ ਮੈਨੂੰ ਦੱਸਦੇ ਸਨ ਅਤੇ ਮੇਰੀਆਂ ਗੱਲਾਂ ਉਹ ਨੂੰ ਜਾ ਦੱਸਦੇ ਸਨ ਅਤੇ ਟੋਬੀਯਾਹ ਨੇ ਮੈਨੂੰ ਡਰਾਉਣ ਲਈ ਪਰਵਾਨੇ ਘੱਲੇ।**

**ਆਇਤ 17.** ਯਹੂਦੀਆਂ ਨਾਲ **ਟੋਬੀਯਾਹ** ਦੇ ਨਜ਼ਦੀਕੀ ਸਬੰਧ ਕਰਕੇ **ਯਹੂਦਾਹ** ਵਿਚ ਉਹਦੇ ਦੋਸਤਾਂ ਕੋਲ **ਚਿੱਠੀਆਂ** ਆਉਂਦੀਆਂ ਜਾਂਦੀਆਂ ਰਹੀਆਂ।

**ਆਇਤ 18.** ਨਹਮਯਾਹ ਨੇ ਯਹੂਦੀਆਂ ਵਿਚਕਾਰ ਟੋਬੀਯਾਹ ਦੇ ਪ੍ਰਭਾਵ ਬਾਰੇ ਦੱਸਿਆ। ਸਾਫ਼ ਤੌਰ ਤੇ ਉਹਦੇ **ਯਹੂਦਾਹ** ਦੇ ਲੋਕਾਂ ਨਾਲ *ਧਾਰਮਿਕ ਸਬੰਧ* ਸਨ। ਉਹਦੇ ਅਤੇ **ਉਹਦੇ ਪੁੱਤ੍ਰ ਯਹੋਹਾਨਾਨ** ਦੇ ਨਾਂਅ ਦੇ ਨਾਲ ਯਾਹਵੇਹ ਦਾ ਨਾਂਅ ਲਗਦਾ ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਉਹ ਕਿਸੇ ਹੱਦ ਤਕ ਯਹੋਵਾਹ ਦਾ ਉਪਾਸਕ ਸੀ। ਨਾਲੇ ਕਈ ਯਹੂਦੀਆਂ ਨਾਲ ਉਸ ਦੇ *ਆਰਥਿਕ ਸਬੰਧ* ਵੀ ਹੋਣਗੇ। ਉਹਦੀ ਕਈਆਂ ਨਾਲ **ਸਹੁੰ** ਸੀ, ਸੰਭਵ ਤੌਰ ਤੇ ਉਨ੍ਹਾਂ ਨੇਮਾਂ ਦੇ ਰਾਹੀਂ ਜਿਹੜੇ ਉਨ੍ਹਾਂ ਦੇ ਕਾਰੋਬਾਰੀ ਸਬੰਧਾਂ ਵਿਚ ਕੀਤੇ ਗਏ ਸਨ।[14] ਇਸ ਤੋਂ ਇਲਾਵਾ ਯਹੂਦੀ ਲੋਕਾਂ ਨਾਲ ਉਸਦੇ ਪਰਿਵਾਰਿਕ ਸਬੰਧ ਵੀ ਸਨ। ਉਹਦਾ ਵਿਆਹ **ਸ਼ਕਨਯਾਹ** ਨਾਂਅ ਦੇ ਇਕ ਪ੍ਰਸਿੱਧ ਯਹੂਦੀ (ਮੰਨ ਲਵੋ) ਦੀ ਕੁੜੀ ਨਾਲ ਹੋਇਆ ਹੋਇਆ ਸੀ ਅਤੇ ਉਸਦੇ ਪੁੱਤਰ ਨੇ ਇਕ ਹੋਰ ਪ੍ਰਭਾਵਸ਼ਾਲੀ ਯਹੂਦੀ **ਦੀ ਧੀ ਨੂੰ ਵਿਆਹ ਲਿਆ** ਸੀ।

**ਆਇਤ 19.** ਕੁਝ ਲੋਕ ਨਹਮਯਾਹ ਦੇ ਸਾਹਮਣੇ **ਟੋਬੀਯਾਹ** ਦੀ ਬੜੀ ਤਾਰੀਫ਼ ਕਰਦੇ ਸਨ, ਜੋ ਕਿ ਬੇਸ਼ੱਕ ਨਹਮਯਾਹ ਲਈ ਘਬਰਾਹਟ ਵਾਲੀ ਗੱਲ ਸੀ। ਇਸ ਤੋਂ ਇਲਾਵਾ ਟੋਬੀਯਾਹ ਦੇ ਦੋਸਤ (ਸ਼ਾਇਦ ਅਣਜਾਣੇ ਵਿਚ) ਜਸੂਸੀ ਦਾ ਕੰਮ ਕਰਦੇ ਸਨ, ਇਸ ਗੱਲ ਵਿਚ ਕਿ ਉਹ ਟੋਬੀਯਾਹ ਨੂੰ

ਨਹਮਯਾਹ ਦੀਆਂ **ਗੱਲਾਂ ਜਾ ਦੱਸਦੇ ਸਨ**। ਇਨ੍ਹਾਂ ਦੋਸਤਾਂ ਦੇ ਰਾਹੀਂ ਟੋਬੀਯਾਹ ਉਹ ਨੂੰ **ਡਰਾਉਣ ਲਈ ਪਰਵਾਨੇ** ਘੱਲ ਕੇ ਨਹਮਯਾਹ ਦਾ ਵਰੋਧ ਕਰਦਾ ਰਿਹਾ। ਇਹ ਹੋ ਸਕਦਾ ਹੈ ਕਿ ਟੋਬੀਯਾਹ ਦੇ ਇਹ ਪਰਵਾਨੇ ਜਾਂ ਚਿੱਠੀਆਂ ਨਹਮਯਾਹ ਨੂੰ ਕੰਧ ਦੇ ਪੂਰਾ ਹੋਣ ਤੋਂ ਪਹਿਲਾਂ ਘੱਲੇ ਗਏ ਹੋਣ,[15] ਇਹ ਹੋਰ ਵੀ ਵੱਧ ਸੰਭਾਵਨਾ ਲਗਦੀ ਹੈ ਕਿ ਇਹ ਆਇਤਾਂ ਕੰਧ ਦੇ ਪੂਰਾ ਹੋਣ ਤੋਂ ਬਾਅਦ ਟੋਬੀਯਾਹ ਦੇ ਨਹਮਯਾਹ ਦਾ ਵਿਰੋਧ ਕਰਦੇ ਰਹਿਣ ਦੀ ਗੱਲ ਕਰਦੀਆਂ ਹਨ।

## ਪ੍ਰਾਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪ: ਬਾਹਰੀ ਵਿਰੋਧ ਉੱਤੇ ਕਾਬੂ ਪਾਉਣਾ** (ਅਧਿਆਇ 6)

ਆਦਮੀ ਦਾ ਨਾਪ ਇਹ ਹੈ ਕਿ ਮਜਬੂਰ ਕੀਤੇ ਜਾਣ ਤੇ ਕਿ ਉਹ ਕਿੰਨੀ ਚੰਗੀ ਤਰ੍ਹਾਂ ਨਾਲ ਨਜਿੱਠਦਾ ਹੈ ਜਾਂ ਕਿਵੇਂ ਕੰਮ ਕਰਦਾ ਹੈ। ਲੀਡਰ ਦਾ ਨਾਪ ਇਸ ਤੋਂ ਪਤਾ ਲਗਦਾ ਹੈ ਕਿ ਉਹ ਵਿਰੋਧ ਦਾ ਸਾਹਮਣਾ ਕਿਵੇਂ ਕਰਦਾ ਹੈ। ਮਾਰਚ ਕਰਦਿਆਂ ਤਾਂ ਹਰ ਸਿਪਾਹੀ ਬਹਾਦੁਰ ਹੀ ਲਗਦਾ ਹੈ ਪਰ ਅਸਲ ਬਹਾਦੁਰੀ ਦਾ ਪਤਾ ਵਰ੍ਹਦੀਆਂ ਵਿਚ ਲਗਦਾ ਹੈ। ਅਸਮਾਨ ਸਾਫ਼ ਹੋਣ ਤੇ ਹਰ ਨਾਵਿਕ ਵਧੀਆ ਨਜ਼ਰ ਆ ਸਕਦਾ ਹੈ ਪਰ ਸਮੁੰਦਰ ਵਿਚ ਤੁਫ਼ਾਨ ਆ ਜਾਣ ਤੇ ਉਹ ਕਿਵੇਂ ਕੰਮ ਕਰਦਾ ਹੈ? ਕਿਸੇ ਕਲੱਬ ਜਾਂ ਕਾਰਪੋਰੇਸ਼ਨ ਦਾ ਪ੍ਰਧਾਨ ਸਭ ਕੁਝ ਠੀਕ ਠਾਕ ਹੋਣ ਤੇ ਵਧੀਆ ਨਜ਼ਰ ਆ ਸਕਦਾ ਹੈ, ਪਰ ਇਹ ਇਸ ਗੱਲ ਨੂੰ ਸਾਬਿਤ ਨਹੀਂ ਕਰਦਾ ਕਿ ਉਹ ਵਧੀਆ ਫ਼ੈਸਲਾ ਦਵੇਗਾ।

ਲੀਡਰਾਂ ਲਈ, ਅਸਮਾਨ ਹਮੇਸ਼ਾ ਸਾਫ਼ ਨਹੀਂ ਹੁੰਦਾ। ਵਿਰੋਧ ਹੋਵੇਗਾ ਹੀ। ਰੁਕਾਵਟਾਂ ਪਾਰ ਕਰਨੀਆਂ ਪੈਣਗੀਆਂ। ਖ਼ੁਦਾ ਦੇ ਲੋਕਾਂ ਦੇ ਆਗੂਆਂ ਲਈ ਵੀ ਇਹੀ ਗੱਲ ਲਾਗੂ ਹੁੰਦੀ ਹੈ, ਬਿਲਕੁਲ ਉਵੇਂ ਜਿਵੇਂ ਹੋਰ ਤਰ੍ਹਾਂ ਦੇ ਲੀਡਰਾਂ ਲਈ। ਮੂਸਾ ਨੇ ਵਿਰੋਧ ਦਾ ਸਾਹਮਣਾ ਕੀਤਾ ਅਤੇ ਹੋਰਨਾਂ ਨਬੀਆਂ ਨੇ ਵੀ। ਦਾਊਦ ਨੂੰ ਪੂਰੀ ਜ਼ਿੰਦਗੀ ਹਰ ਤਰ੍ਹਾਂ ਦੇ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ ਸੀ। ਯਿਸੂ ਨੇ ਦੁਸ਼ਮਣਾਂ ਦਾ ਸਾਹਮਣਾ ਕੀਤਾ। ਅਸਲ ਵਿਚ ਉਨ੍ਹਾਂ ਨੇ ਅਖ਼ੀਰ ਵਿਚ ਉਹਦੀ ਜਾਨ ਲੈ ਲਈ। ਉਹਦੇ ਰਸੂਲ ਉਹਦੀ ਪੈੜ ਤੇ ਚੱਲੇ; ਪਤਰਸ ਅਤੇ ਯੂਹੰਨਾ ਨੂੰ ਧਮਕਾਇਆ ਗਿਆ ਅਤੇ ਯਾਕੂਬ ਨੂੰ ਸ਼ਹੀਦ ਕਰ ਦਿੱਤਾ ਗਿਆ। ਪਰੰਪਰਾ ਦੇ ਮੁਤਾਬਕ ਰਸੂਲਾਂ ਵਿੱਚੋਂ ਸਿਰਫ਼ ਯੂਹੰਨਾ ਹੀ, ਆਪਣੀ ਮੌਤੇ ਮਰਿਆ। ਬਾਕੀ ਸਾਰੇ ਦੇ ਸਾਰੇ ਆਪਣੇ ਵਿਸ਼ਵਾਸ ਦੀ ਖ਼ਾਤਿਰ ਸ਼ਹੀਦ ਹੀ ਹੋਏ। ਪੌਲੁਸ ਨੂੰ ਆਮ ਤੌਰ ਤੇ ਆਪਣੇ ਦੁਸ਼ਮਣਾਂ ਦੇ ਹੱਥੋਂ ਤਕਲੀਫ਼ ਝੱਲਣੀ ਪੈਂਦੀ ਸੀ ਅਤੇ ਅਖ਼ੀਰ ਵਿਚ ਉਸ ਨੂੰ ਉਨ੍ਹਾਂ ਵੱਲੋਂ ਮਾਰ ਦਿੱਤਾ ਗਿਆ।

ਦੁਸ਼ਮਣਾਂ ਦਾ ਸਾਹਮਣਾ ਕਰਨ ਵੇਲੇ ਇਕ ਲੀਡਰ ਨੂੰ ਕੀ ਕਰਨਾ ਚਾਹੀਦਾ ਹੈ? ਇਸ ਸਵਾਲ ਦਾ ਜਵਾਬ ਦੇਣ ਵਿਚ ਨਹਮਯਾਹ ਦੇ ਤਜਰਬੇ ਮਦਦਗਾਰ ਹਨ। ਉਹ ਨੂੰ ਬਾਹਰੀ ਵਿਰੋਧ (ਬਾਹਰਲੇ ਦੁਸ਼ਮਣਾਂ) ਅਤੇ ਅੰਦਰੂਨੀ ਵਿਰੋਧ (ਅੰਦਰਲੇ ਦੁਸ਼ਮਣਾਂ) ਦੋਹਾਂ ਨਾਲ ਨਜਿੱਠਣਾ ਪਿਆ।

ਨਹਮਯਾਹ ਦੇ ਯਹੂਦਾਹ ਵਿਚ ਪਹੁੰਚਣ ਦੇ ਸਮੇਂ ਤੋਂ ਹੀ, ਉਸ ਨੂੰ ਦੇਸ਼ ਦੇ ਲੋਕਾਂ ਦਾ ਵਿਰੋਧ ਝੱਲਣਾ ਪਿਆ। ਉਨ੍ਹਾਂ ਨੂੰ ਪਸੰਦ ਨਹੀਂ ਸੀ ਕਿ ਨਹਮਯਾਹ ਨੂੰ ਅਤੇ ਯਹੂਦੀਆਂ ਨੂੰ ਯਰੂਸ਼ਲਮ ਦੀ ਕੰਧ ਬਣਾਉਂਦਿਆਂ ਵੇਖਣ, ਇਸ ਕਰਕੇ ਉਨ੍ਹਾਂ ਨੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਪਾਉਣ ਲਈ ਹਰ ਹੀਲਾ ਵਰਤਿਆ। ਨਹਮਯਾਹ ਦੇ ਦੁਸ਼ਮਣਾਂ ਨੇ ''ਬੁਰਾ ਮਨਾਇਆ'' ਕਿ ਉਹ ਯਹੂਦੀਆਂ ਦੀ ਮਦਦ ਕਰਨ ਲਈ ਆਇਆ ਹੈ (2:10)। ਉਨ੍ਹਾਂ ਨੇ ਯਹੂਦੀਆਂ ਦੀਆਂ ਯੋਜਨਾਵਾਂ ਦਾ ''ਮਖੌਲ ਉਡਾਇਆ'' ਅਤੇ ਉਨ੍ਹਾਂ ਦੀ ''ਨਿੰਦਿਆਂ ਕੀਤੀ'' ਅਤੇ ਉਨ੍ਹਾਂ ਉੱਤੇ ਬਗ਼ਾਵਤ ਕਰਨ ਦਾ ਦੋਸ਼ ਲਾਇਆ (2:19)। ਕੰਧ ਦੇ ਸ਼ੁਰੂ ਹੋ ਜਾਣ ਤੇ ਉਨ੍ਹਾਂ ਨੂੰ ਯਹੂਦੀਆਂ ਉੱਤੇ ''ਗੁੱਸਾ ਚੜ੍ਹਿਆ'' ਅਤੇ ''ਨਰਾਜ਼'' ਹੋਏ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ''ਠੱਠੇ ਕੀਤੇ'' (4:1)। ਉਨ੍ਹਾਂ ਨੇ ਇਹ ਆਖਦਿਆਂ ਕਿ ਉਨ੍ਹਾਂ ਦਾ ਕੰਮ ਬੇਕਾਰ ਹੈ

ਅਤੇ ਇਸ ਨਾਲ ਕੁਝ ਨਹੀਂ ਮਿਲਣਾ, ਯਹੂਦੀਆਂ ਦੀਆਂ ਕੋਸ਼ਿਸ਼ਾਂ ਦੇ ਮਜ਼ਾਕ ਉਡਾਏ (4:2, 3)। ਕੰਮ ਚੱਲਦਾ ਰਹਿਣ ਤੇ ਉਹ ''ਸੜ ਭੁੱਜ'' ਗਏ ਅਤੇ ਖ਼ੁਦਾ ਦੇ ਲੋਕਾਂ ਅਤੇ ਉਨ੍ਹਾਂ ਦੇ ਪਵਿੱਤਰ ਸ਼ਹਿਰ ਦੀ ਕੰਧ ਨੂੰ ਬਰਬਾਦ ਕਰਨ ਲਈ ਉਨ੍ਹਾਂ ''ਨਾਲ ਲੜਨ'' ਦੀਆਂ ਤਰਕੀਬਾਂ ਬਣਾਉਣ ਲੱਗੇ (4:7, 8)। ਜਦ ਉਨ੍ਹਾਂ ਦੀਆਂ ਹੋਰ ਚਾਲਾਂ ਨਾ ਚੱਲੀਆਂ ਤਾਂ ਉਨ੍ਹਾਂ ਨੇ ਨਹਮਯਾਹ ਨਾਲ ''ਬਦੀ'' ਕਰਨ ਦੇ ਇਰਾਦੇ ਨਾਲ, ਉਸ ਨੂੰ ''ਓਨੋ ਦੀ ਦੂਣ ਵਿਚ'' ਉਨ੍ਹਾਂ ਨੂੰ ਮਿਲਣ ਲਈ ਸੱਦ ਘੱਲਿਆ (6:2, 3)। ਉਨ੍ਹਾਂ ਨੇ ਇਹ ਆਖਦਿਆਂ ਕਿ ਯਹੂਦੀਆਂ ਦੀਆਂ ਰਾਜਧ੍ਰੋਹ ਦੀਆਂ ਗਤੀਵਿਧੀਆਂ ਦੀ ਖ਼ਬਰ ਰਾਜੇ ਨੂੰ ਦੇ ਦੇਣਗੇ, ਇਕ ਕਹਾਣੀ ਬਣਾਈ। ਉਨ੍ਹਾਂ ਨੇ ਨਹਮਯਾਹ ਨੂੰ ਕੰਮ ਤੋਂ ਪਰ੍ਹੇ ਰਹਿਣ ਅਤੇ ਯਹੂਦੀਆਂ ਨੂੰ ਡਰਾਉਣ ਲਈ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਉਹ ਆਪਣਾ ਕੰਮ ਪੂਰਾ ਕਰਨ ਤੋਂ ਪਹਿਲਾਂ ਉਸ ਕੰਮ ਨੂੰ ਬੰਦ ਕਰ ਦੇਣ (6:5–7)। ਅਖ਼ੀਰ ਵਿਚ ਉਨ੍ਹਾਂ ਨੇ ਨਹਮਯਾਹ ਨੂੰ ਖ਼ੁਦਾ ਦੀ ਸ਼ਰ੍ਹਾ ਨੂੰ ਤੋੜਨ ਲਈ ਮਨਾਉਣ ਦੀ ਕੋਸ਼ਿਸ਼ ਕਰਨ ਲਈ ਝੂਠੇ ਨਬੀਆਂ ਨੂੰ ''ਭਾੜੇ ਤੇ ਲਿਆ'' ਤਾਂ ਜੋ ਲੀਡਰ ਦੇ ਰੂਪ ਵਿਚ ਉਸ ਨੂੰ ਬਦਨਾਮ ਕੀਤਾ ਜਾ ਸਕੇ (6:10–13)। ਜਿੰਨੀਆਂ ਵੱਡੀਆਂ ਔਕੜਾਂ ਦਾ ਸਾਹਮਣਾ ਨਹਮਯਾਹ ਨੂੰ ਕਰਨਾ ਪਿਆ, ਸ਼ਾਇਦ ਹੀ ਕੋਈ ਲੀਡਰ ਅਜਿਹੀਆਂ ਔਕੜਾਂ ਦਾ ਸਾਹਮਣਾ ਕਰਨ ਦੀ ਕਲਪਨਾ ਕਰੇ।

ਨਹਮਯਾਹ ਨੇ ਆਪਣੇ ਦੁਸ਼ਮਣਾਂ ਦੇ ਵਿਰੋਧ ਨਾਲ ਕਿਵੇਂ ਨਜਿੱਠਿਆ?

*ਉਹ ਉਨ੍ਹਾਂ ਦੀਆਂ ਗੱਲਾਂ ਨਾਲ ਨਿਰਾਸ਼ ਨਹੀਂ ਹੋਇਆ ਜਾਂ ਬਾਜ਼ ਨਹੀਂ ਆਇਆ।* ਉਸ ਦਾ ਮਖੌਲ ਉਡਾਇਆ ਗਿਆ, ਠੱਠਾ ਕੀਤਾ ਗਿਆ, ਖਿੱਲੀ ਉਡਾਈ ਗਈ ਅਤੇ ਉਸ ਉੱਤੇ ਤੋਹਮਤ ਲਾਈ ਗਈ। ਅਜਿਹੇ ਅਨੁਭਵਾਂ ਨਾਲ ਬਹੁਤ ਸਾਰੇ ਲੀਡਰ ਆਪਣੇ ਫੋਕਸ ਤੋਂ ਹਟ ਕੇ ਪ੍ਰਵਾਨਯੋਗ ਵਿਹਾਰ ਦੇ ਨਿਯਮ ਨੂੰ ਭੁੱਲ ਜਾਣਗੇ। ਨਤੀਜਾ ਉਨ੍ਹਾਂ ਦੀ ਈਮਾਨਦਾਰੀ ਅਤੇ ਪ੍ਰਭਾਵ ਦਾ ਘਟ ਜਾਣਾ ਹੋਵੇਗਾ। ਨਹਮਯਾਹ ਨਾਲ ਇਹ ਨਹੀਂ ਹੋਇਆ। ਉਸ ਨੇ ਇਸ ਗੱਲ ਨੂੰ ਸਮਝਿਆ ਕਿ ਸਿਰਫ਼ ਗੱਲਾਂ ਨਾਲ, ਖ਼ਾਸ ਕਰਕੇ ਦੁਸ਼ਮਣ ਦੀਆਂ ਗੱਲਾਂ ਨਾਲ, ਉਹਨੂੰ ਉਹ ਕਰਨ ਤੋਂ ਜੋ ਖੁਦਾ ਦੇ ਸੇਵਕ ਨੂੰ ਪਤਾ ਹੈ ਕਿ ਸਹੀ ਹੈ, ਰੁਕਣਾ ਨਹੀਂ ਚਾਹੀਦਾ।

*ਉਸਨੇ ਆਪਣੇ ਆਪ ਨੂੰ ਬਚਾਉਣ ਅਤੇ ਉਸ ਵੱਡੇ ਕੰਮ ਨੂੰ ਕਰਨ ਲਈ ਜਿਹੜਾ ਉਹ ਕਰ ਰਿਹਾ ਸੀ, ਜੋ ਉਹ ਕਰ ਸਕਦਾ ਸੀ ਉਹ ਕਰਨ ਲਈ ਉਨ੍ਹਾਂ ਦੀਆਂ ਧਮਕੀਆਂ ਨੂੰ ਗੰਭੀਰਤਾ ਨਾਲ ਲਿਆ।* ਸਿਰਫ਼ ਗੱਲਾਂ ਨਾਲ ਸਰੀਰਕ ਨੁਕਸਾਨ ਨਹੀਂ ਹੋ ਸਕਦਾ ਪਰ ਜਦ ਗੱਲਾਂ ਸਾਡੀਆਂ ਕੋਸ਼ਿਸ਼ਾਂ ਨੂੰ ਧਮਕਾਉਣ ਵਾਲੀਆਂ ਹੋਣ ਤਾਂ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਜ਼ਰੂਰੀ ਹੈ। ਇਕ ਲੀਡਰ ਨੂੰ, ਜਿੱਥੋਂ ਤਕ ਹੋ ਸਕੇ ਭਰਾਵਾਂ ਦੇ ਮਕਸਦਾਂ ਦੀ ਪ੍ਰਾਪਤੀ ਲਈ ਜਿੱਥੋਂ ਤਕ ਹੋ ਸਕੇ, ਮੁਸ਼ਕਿਲਾਂ ਅਤੇ ਉਨ੍ਹਾਂ ਧਮਕੀਆਂ ਨੂੰ ਸਮੇਂ ਤੋਂ ਪਹਿਲਾਂ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਿਰ ਉਹਨੂੰ ਉਨ੍ਹਾਂ ਮੁਸ਼ਕਿਲਾਂ ਨੂੰ ਰੋਕਣ ਅਤੇ ਧਮਕੀਆਂ ਉੱਤੇ ਕਾਬੂ ਪਾਉਣ ਲਈ ਲੋੜੀਂਦੇ ਕਦਮ ਪੁੱਟਣੇ ਚਾਹੀਦੇ ਹਨ।

ਇਸ ਰਵੱਈਏ ਦਾ ਸੁਝਾਅ ਦਿੰਦਿਆਂ ਕਿ ਅਖ਼ੀਰ ਵਿਚ ਸਭ ਕੁਝ ਠੀਕ ਹੋ ਜਾਵੇਗਾ, ਆਸਟ੍ਰੇਲੀਆ ਦੇ ਲੋਕਾਂ ਵਿਚ ਕਿਹਾ ਜਾਂਦਾ ਹੈ, ''ਉਹ ਸਹੀ ਜੋੜ ਹੋਵੇਗੀ।'' ਭਾਵੇਂ ਕਈ ਹਾਲਾਤ ਵਿਚ ਇਹ ਰਵੱਈਆ ਮਹੱਤਵਪੂਰਣ ਹੈ, ਪਰ ਲੀਡਰ ਇਹ ਕਲਪਨਾ ਨਹੀਂ ਕਰ ਸਕਦਾ ਕਿ ਉਹਦੇ ਵੱਲੋਂ ਬਗ਼ੈਰ ਕੋਈ ਕੋਸ਼ਿਸ਼ ਕੀਤੇ, ਸਭ ਕੁਝ ਹੋ ਜਾਵੇਗਾ। ਉਸ ਨੂੰ ਚਾਹੀਦਾ ਹੈ ਕਿ ਬਿਨਾਂ ਕੋਈ ਕੋਸ਼ਿਸ਼ ਕੀਤਿਆਂ ''ਬੇਹਤਰੀਨ ਦੀ ਆਸ ਰੱਖੇ, ਬੇਹਤਰੀਨ ਦੀ ਉਮੀਦ ਕਰੇ ਅਤੇ ਹਰ ਗੱਲ ਲਈ ਤਿਆਰ ਰਹੇ।''

*ਨਹਮਯਾਹ ਨੇ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ, ਜਦ ਇਹਦਾ ਮਤਲਬ ਉਹਦੇ ਟੀਚੇ ਦੀ ਪ੍ਰਾਪਤੀ ਤੇ ਛੱਡ ਦੇਣਾ ਸੀ।* ਜੇ ਉਹ ''ਓਨੋ ਦੀ ਦੂਣ ਵਿਚ'' ਆਪਣੇ ਦੁਸ਼ਮਣਾਂ ਨੂੰ ਮਿਲ ਲੈਂਦਾ (6:2), ਤਾਂ ਉਨ੍ਹਾਂ ਨੇ ਕੰਧ ਤੇ ਕੰਮ ਬੰਦ ਕਰਨ ਦੇ ਆਪਣੇ ਟੀਚੇ ਨੂੰ ਪਾ ਲੈਣਾ ਸੀ। ਇਹ ਜਾਣਦਿਆਂ ਕਿ ਇਸ ਦਾ ਨਤੀਜਾ ਕੀ ਹੋਵੇਗਾ, ਉਸ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ।

ਜਦ ਕੋਈ ਲੀਡਰ ਲੋਕਾਂ ਦੇ ਨਾਲ ਕੰਮ ਕਰਦਾ ਹੈ ਤਾਂ ਸਮਝੌਤਾ ਕਰਨਾ ਕਈ ਵਾਰ ਜ਼ਰੂਰੀ ਹੋ ਜਾਂਦਾ ਹੈ। ਉਸ ਨੂੰ ਆਮ ਤੌਰ ਤੇ ਸਮਝੌਤਿਆਂ ਦੇ ਹੱਕ ਵਿਚ ਹੋਣਾ ਚਾਹੀਦਾ ਹੈ ਜਿਹਦੇ ਨਾਲ ਹਰ ਕੋਈ ਸੰਤੁਸ਼ਟ ਹੋ ਜਾਵੇ। ਪਰ ਕਿਸੇ ਵੀ ਲੀਡਰ (ਅਤੇ ਖ਼ਾਸ ਕਰਕੇ ਮਸੀਹੀ ਲੀਡਰ) ਦੇ ਸਿਧਾਂਤ ਹੋਣੇ ਜ਼ਰੂਰੀ ਹਨ ਜਿਨ੍ਹਾਂ ਨਾਲ ਉਹ ਸਮਝੌਤਾ ਕਰਨ ਤੋਂ ਇਨਕਾਰ ਕਰ ਦਵੇ। ਮਿੱਥੇ ਟੀਚੇ ਵਾਲਾ ਲੀਡਰ ਨਤੀਜਾ ਮੂਲ ਉਦੇਸ਼ ਦੀ ਪ੍ਰਾਪਤੀ ਨਾਲ ਹੋਣ ਤੇ ਵਿਰੋਧੀਆਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਵੇਗਾ।

*ਉਹ ਮਾਮਲੇ ਨੂੰ ਖ਼ੁਦਾ ਕੋਲ ਲੈ ਆਇਆ।* ਜਿੰਨਾ ਉਹਦੇ ਵਿਰੋਧੀ ਉਹ ਨੂੰ ਦਬਾਉਂਦੇ ਸਨ ਓਨਾਂ ਹੀ ਉਹ ਖ਼ੁਦਾ ਦੇ ਵੱਲ ਝੁਕਦਾ ਗਿਆ। ਜਦ ਦੁਸ਼ਮਣਾਂ ਨੇ ਯਹੂਦੀਆਂ ਦਾ ਉਹਦੇ ਲਈ ਜੋ ਉਹ 4:2, 3 ਵਿਚ ਕਰ ਰਹੇ ਸਨ, ਮਜ਼ਾਕ ਉਡਾਇਆ, ਤਾਂ ਨਹਮਯਾਹ ਨੇ ਦੁਆ ਨਾਲ ਜਵਾਬ ਦਿੱਤਾ: ''ਹੇ ਸਾਡੇ ਪਰਮੇਸ਼ੁਰ, ਸਾਡੀ ਸੁਣ ਕਿਉਂ ਜੋ ਸਾਡੀ ਬੇਪਤੀ ਹੁੰਦੀ ਹੈ। ਇਸ ਨਿੰਦਿਆ ਨੂੰ ਮੁੜ ਉਨ੍ਹਾਂ ਦੇ ਸਿਰ ਉੱਤੇ ਪਾ'' (4:4)। ਫਿਰ ਆਪਣੀ ਦੁਆ ਨੂੰ ਲਿਖਣ ਤੋਂ ਬਾਅਦ, ਨਹਮਯਾਹ ਨੇ ਅੱਗੇ ਆਖਿਆ, ''ਸੋ ਅਸੀਂ ਕੰਧ ਬਣਾਉਂਦੇ ਗਏ ... ਕਿਉਂ ਜੋ ਲੋਕ ਦਿਲ ਨਾਲ ਕੰਮ ਕਰਦੇ ਸਨ'' (4:6)। ਖ਼ੂਨ ਖ਼ਰਾਬੇ ਦੀ ਧਮਕੀ ਵਿਚ, ਨਹਮਯਾਹ ਨੇ ਆਖਿਆ, ''ਪਰ ਅਸੀਂ ਆਪਣੇ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਰਹੇ'' (4:9)।

ਦੂਜੇ ਲੀਡਰ ਭਾਵੇਂ ਆਪਣੇ ਆਪ ਅਤੇ ਆਪਣੇ ਦੋਸਤਾਂ ਉੱਤੇ ਨਿਰਭਰ ਹੋਣ, ਪਰ ਮਸੀਹੀ ਲੀਡਰ ਖ਼ੁਦਾ ਉੱਤੇ ਵੀ ਨਿਰਭਰ ਹੋ ਸਕਦਾ ਹੈ। ਵਿਰੋਧ ਉੱਠਣ ਤੇ ਮਸੀਹੀ ਵਿਅਕਤੀ ਦੁਆ ਵਿਚ ਖ਼ੁਦਾ ਅੱਗੇ ਜਾ ਸਕਦਾ ਹੈ, ਅਤੇ ਉਸ ਨੂੰ ਜਾਣਾ ਚਾਹੀਦਾ ਹੈ। ਇਹ ਜਾਣਦਿਆਂ ਕਿ ਉਹ ਆਪਣੇ ਸੇਵਕਾਂ ਦੀ ਸੰਭਾਲ ਕਰਦਾ ਹੈ ਅਤੇ ਉਨ੍ਹਾਂ ਦੀ ਮਦਦ ਕਰੇਗਾ, ਉਹ ਆਪਣੀ ਹਰ ਮੁਸ਼ਕਿਲ ਨੂੰ ਪ੍ਰਭੂ ਦੇ ਅੱਗੇ ਲਿਜਾ ਸਕਦਾ ਹੈ (ਇਬਰਾਨੀਆਂ 13:6)।

ਪ੍ਰਭੂ ਦੀ ਕਲੀਸੀਆ ਦਾ ਆਗੂ ਇਹ ਭਰੋਸਾ ਕਰ ਸਕਦਾ ਹੈ ਕਿ ਪ੍ਰਭੂ ਉਹਦੀ ਦੇਖਭਾਲ ਕਰੇਗਾ ਪਰ ਉਹ ਇਹ ਕਲਪਨਾ ਨਾ ਕਰੇ ਕਿ ਖ਼ੁਦਾ ਉਸ ਨੂੰ ਮੁਸ਼ਕਿਲਾਂ ਝੱਲਣ ਤੋਂ ਦੂਰ ਰੱਖੇਗਾ। ਕਲੀਸੀਆ ਵਿਚ ਮੁਸ਼ਕਿਲਾਂ ਨਾਲ ਸਬੰਧਿਤ ਨਵੇਂ ਨੇਮ ਦਾ ਸਿਰਫ਼ ਇੱਕੋ ਇਕ ਵਾਅਦਾ ਉਹ ਯਕੀਨ ਹਨ ਕਿ ਮਸੀਹੀ ਲੋਕਾਂ ਨੂੰ ਪਰੇਸ਼ਾਨੀਆਂ ਅਤੇ ਸਤਾਅ ਝੱਲਣਾ ਪਵੇਗਾ। ਮਸੀਹ ਨੇ ਚੇਤਾਵਨੀ ਦਿੱਤੀ ਕਿ ਉਸ ਦੇ ਮੰਨਣ ਵਾਲਿਆਂ ਨੂੰ ਠੱਠਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਵੇਗਾ। ਸੰਗਠਨ ਅਤੇ ਲੋਕ ਕਲੀਸੀਆ ਦਾ ਵਿਰੋਧ ਕਰਨਗੇ ਅਤੇ ਇਸ ਨੂੰ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਤੋਂ ਰੋਕਣ ਦੀ ਕੋਸ਼ਿਸ਼ ਕਰਨਗੇ। ਕਈ ਸਮਾਜਾਂ ਵਿਚ ਕਲੀਸੀਆ ਅਤੇ ਇਸ ਦੇ ਲੋਕਾਂ ਨੂੰ ਸਰੀਰਕ ਤੌਰ ਤੇ ਸਤਾਇਆ ਜਾ ਸਕਦਾ ਹੈ।

*ਸਾਰ।* ਮਸੀਹੀ ਹੋਣ ਦੇ ਨਾਤੇ ਅਜਿਹਾ ਹੋਣ ਤੇ ਸਾਨੂੰ ਕੀ ਕਰਨਾ ਚਾਹੀਦਾ ਹੈ? ਨਵੇਂ ਨੇਮ ਦੇ ਮੁਤਾਬਕ ਅਸੀਂ ਆਪਣੇ ਦੁਸ਼ਮਣਾਂ ਦੇ ਵਿਰੁੱਧ ਹਥਿਆਰ ਚੁੱਕ ਕੇ ਖ਼ੂਨ ਖਰਾਬਾ ਨਹੀਂ ਕਰ ਸਕਦੇ (ਅਫ਼ਸੀਆਂ 6:12) ਜਾਂ ਸਾਡੇ ਨਾਲ ਬੁਰਾ ਕਰਨ ਵਾਲਿਆਂ ਤੋਂ ਬਦਲਾ ਨਹੀਂ ਲੈ ਸਕਦੇ (ਰੋਮੀਆਂ 12:19)। ਇਸ ਦੀ ਬਜਾਇ ਸਾਨੂੰ ਆਪਣੇ ਦੁਸ਼ਮਣਾਂ ਨਾਲ ਪਿਆਰ ਕਰਨਾ, ਉਨ੍ਹਾਂ ਲਈ ਦੁਆ ਕਰਨੀ ਅਤੇ ਉਨ੍ਹਾਂ ਦਾ ਭਲਾ ਕਰਨਾ ਚਾਹੀਦਾ ਹੈ (ਮੱਤੀ 5:44; ਰੋਮੀਆਂ 12:20, 21)। ਸਾਡੀ ਜ਼ਿੰਦਗੀ ਅਜਿਹੀ ਹੋਵੇ ਕਿ ਆਪਣੇ ਹਰ ਸਬੰਧ ਵਿਚ ਸਾਡੇ ਦੁਸ਼ਮਣਾਂ ਨੂੰ ਕਿਸੇ ਵੀ ਤਰੀਕੇ ਨਾਲ ਸਾਡੀ ਬਦਨਾਮੀ ਕਰਨ ਦਾ ਮੌਕਾ ਨਾ ਮਿਲੇ (ਵੇਖੋ 1 ਪਤਰਸ 2:1—3:22)। ਕਿਸੇ ਵੀ ਹਾਲਾਤ ਵਿਚ ਸਾਡੇ ਕੰਮ ਸਮਝਦਾਰੀ ਨਾਲ ਹੋਣ, ਇੱਥੋਂ ਤਕ ਕਿ ਸਤਾਏ ਜਾਣ ਤੇ ਵੀ।

### ਕਲੀਸੀਆ ਨੂੰ ਬਣਾਉਣਾ (ਅਧਿਆਇ 6)

ਯਿਸੂ ਨੇ ਆਖਿਆ, ''ਮੈਂ ਆਪਣੀ ਕਲੀਸੀਆ ਬਣਾਵਾਂਗਾ'' (ਮੱਤੀ 16:18), ਅਤੇ ਉਸ

ਨੇ ਬਿਲਕੁਲ ਉਹੀ ਕੀਤਾ ਜੋ ਉਸ ਨੇ ਕਿਹਾ ਸੀ ਕਿ ਉਹ ਕਰੇਗਾ। ਯਿਸੂ ਦੇ ਜੀ ਉੱਠਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ, ਕਲੀਸੀਆ ਹੋਂਦ ਵਿਚ ਆਈ (ਕਰਤੱਬ 2:1–47; ਵੇਖੋ 5:11)। ਪਰ, ਯਿਸੂ ਨੇ ''ਕਲੀਸੀਆ ਨੂੰ ਬਣਾਉਂਦੇ'' ਰਹਿਣ ਦਾ ਕੰਮ ਆਪਣੇ ਚੇਲਿਆਂ ਦੇ ਹੱਥ ਵਿਚ ਦੇ ਦਿੱਤਾ। ਉਸ ਨੇ ਕਲੀਸੀਆ ਦੇ ਸੁਧਾਰ ਜਾਂ ਉਸ ਨੂੰ ਬਣਾਉਣ ਲਈ ਆਪਣੇ ਲੋਕਾਂ ਨੂੰ ਦਾਨ ਦਿੱਤੇ (ਅਫ਼ਸੀਆਂ 4:7–13)।

ਪ੍ਰਚਾਰਕ ਅਤੇ ਸਿਖਾਉਣ ਵਾਲੇ ਜਿਹੜੇ ਨਵੀਆਂ ਮੰਡਲੀਆਂ ਸਥਾਪਿਤ ਕਰਦੇ ਹਨ ਅਤੇ ਫਿਰ ਉਨ੍ਹਾਂ ਨੂੰ ਵਧਣ ਵਿਚ ਮਦਦ ਲਈ ਕੰਮ ਕਰਦੇ ਹਨ, ਕਲੀਸੀਆ ਦੇ ਬਣਾਏ ਜਾਣ ਵਿਚ ਲੱਗੇ ਹੋਏ ਹਨ। ਪੌਲੁਸ ਨੇ ਆਪਣੇ ਆਪ ਨੂੰ ''ਸਿਆਣੇ ਰਾਜ ਮਿਸਤਰੀ'' ਨਾਲ ਮਿਲਾਇਆ ਜਿਸ ਨੇ ਅਜਿਹੀ ''ਨੀਂਹ ਰੱਖੀ'' ਕਿ ਦੂਜੇ ਲੋਕ ਉਸ ਉੱਤੇ ਰੱਦੇ ਰੱਖ ਸਕਣ। ਉਸ ਨੇ ਅੱਗੇ ਆਖਿਆ ਕਿ ''ਹਰੇਕ ਸੁਚੇਤ ਰਹੇ ਭਈ ਕਿਸ ਤਰ੍ਹਾਂ ਦੀ ਉਸਾਰੀ ਕਰਦਾ ਹੈ'' (1 ਕੁਰਿੰਥੀਆਂ 3:10, 11)। ਮਸੀਹੀ ਆਦਮੀ ਲਈ ਕੰਮ ਕਰਨ ਵਾਲਿਆਂ ਦੇ ਰੂਪ ਵਿਚ ਸਾਡੀ ਜ਼ਿੰਮੇਵਾਰੀ ਇਹ ਵੇਖਣਾ ਹੈ ਕਿ ਕਲੀਸੀਆਵਾਂ ਰੂਹਾਨੀ ਤੌਰ ਤੇ ਗੁਣ ਅਤੇ ਗਿਣਤੀ ਵਿਚ ਵੀ ਸ਼ੁਰੂ ਹੋਣ ਅਤੇ ਵਧਣ।

ਨਹਮਯਾਹ ਦੀ ਮਿਸਾਲ ਤੋਂ ਅਸੀਂ ਸਿੱਖ ਸਕਦੇ ਹਾਂ ਕਿ ਇਹ ਕਿਵੇਂ ਕਰਨਾ ਹੈ। ਨਹਮਯਾਹ ਰਾਜੇ ਵੱਲੋਂ ਹਾਕਮ ਥਾਪੇ ਜਾਣ ਤੋਂ ਬਾਅਦ, ਯਹੂਦਾਹ ਨੂੰ ਗਿਆ। ਉਸ ਨੇ ਕੰਧ ਦੇ ਬਣਾਏ ਜਾਣ ਵਿਚ ਉਨ੍ਹਾਂ ਦੀ ਅਗਵਾਈ ਕੀਤੀ ਅਤੇ ਇਹ ਕੰਮ ਉਨ੍ਹਾਂ ਨੇ ਸਿਰਫ਼ ਬਵੰਜਾ ਦਿਨਾਂ ਵਿਚ ਪੂਰਾ ਕਰ ਲਿਆ। ਬਾਈਬਲ ਦੀਆਂ ਸਭ ਤੋਂ ''ਸਫ਼ਲ ਕਹਾਣੀਆਂ'' ਵਿੱਚੋਂ ਇਕ ਇਹ ਹੋਵੇਗੀ। ਨਹਮਯਾਹ ਦੀ ਬੇਮਿਸਾਲ ਲੀਡਰਸ਼ਿਪ ਉਨ੍ਹਾਂ ਚਾਰ ਸਿਧਾਂਤਾਂ ਦਾ ਸੁਝਾਅ ਦਿੰਦੀ ਹੈ ਜਿਹੜੇ ''ਕਲੀਸੀਆ ਦੀ ਤਰੱਕੀ'' ਲਈ ਜ਼ਰੂਰੀ ਹਨ।

*ਚੰਗੇ ਲੀਡਰ ਤਿਆਰ ਕਰੋ।* ਹਰ ਮੰਡਲੀ ਨੂੰ ਨਹਮਯਾਹ ਵਰਗੇ ਮਜ਼ਬੂਤ ਲੀਡਰਾਂ ਦੀ ਲੋੜ ਹੈ।

1. ਉਹਨੂੰ ਖ਼ੁਦਾ ਦੀਆਂ ਗੱਲਾਂ ਦੀ ਪਰਵਾਹ ਸੀ। ਜਦ ਉਹਨੂੰ ਪਤਾ ਲੱਗਾ ਕਿ ਯਰੂਸ਼ਲਮ ਦੀਆਂ ਕੰਧਾਂ ''ਢੱਠੀਆਂ ਪਈਆਂ'' ਹਨ ਅਤੇ ''ਉਸ ਦੇ ਫਾਟਕ ਅੱਗ ਨਾਲ ਜਲੇ ਹੋਏ'' ਸਨ ਤਾਂ ਉਹਨੇ ''ਕਈ ਦਿਨਾਂ ਤੀਕ ਸੋਕ ਕੀਤਾ'' ਤਾਂ ਉਹ ''ਰੋਣ ਲਗ ਪਿਆ'' (1:1–4)। ਕਿਉਂ? ਕਿਉਂ ਜੋ ਯਹੂਦੀ ਖ਼ੁਦਾ ਦੇ ਲੋਕ ਸਨ ਅਤੇ ਉਹ ਮੁਸ਼ਕਿਲ ਵਿਚ ਸਨ। ਕੰਧਾਂ ਤੋਂ ਬਗ਼ੈਰ ਯਰੂਸ਼ਲਮ ਸ਼ਹਿਰ ਜੋ ਕਿ ''ਪਵਿੱਤਰ ਸ਼ਹਿਰ'' ਸੀ (11:1, 18), ਉੱਤੇ ਹਮਲਾ ਹੋ ਸਕਦਾ ਸੀ ਅਤੇ ਇਹ ਬਰਬਾਦ ਹੋ ਸਕਦਾ ਸੀ। ਖ਼ੁਦਾ ਨੇ ਯਹੂਦੀਆਂ ਨੂੰ ਘਰ ਲੈ ਆਂਦਾ ਪਰ ਉਨ੍ਹਾਂ ਦੀ ਇਹ ਘਰ ਵਾਪਸੀ ਬਰਬਾਦ ਹੋਣ ਦੇ ਖ਼ਤਰੇ ਵਿਚ ਸੀ ਕਿਉਂ ਜੋ ਉਹ ਬਚਾਅਹੀਣ ਸਨ। ਨਹਮਯਾਹ ਰੋਇਆ ਕਿਉਂ ਜੋ ਖ਼ੁਦਾ ਦੇ ਲੋਕ ਅਤੇ ਖ਼ੁਦਾ ਦਾ ਕੰਮ ਖ਼ਤਰੇ ਵਿਚ ਸਨ।

ਅੱਜ ਜੇ ਕਲੀਸੀਆ ਨੂੰ ਸਫ਼ਲਤਾ ਨਾਲ ਬਣਾਉਣਾ ਹੋਵੇ ਤਾਂ ਇਹਦੇ ਲਈ ਅਜਿਹੇ ਲੋਕਾਂ ਦੀ ਅਗਵਾਈ ਜ਼ਰੂਰੀ ਹੈ ਜਿਨ੍ਹਾਂ ਨੂੰ ਖ਼ੁਦਾ ਦੇ ਲੋਕਾਂ ਦੀ ਪਰਵਾਹ ਹੋਵੇ ਅਤੇ ਉਹ ਖ਼ੁਦਾ ਦੇ ਰਾਜ ਨੂੰ ਪਹਿਲ ਦਿੰਦੇ ਹੋਣ (ਮੱਤੀ 6:33)। ਚੰਗੇ ਲੀਡਰਾਂ ਦੇ ਦਿਲ ਅਜਿਹੇ ਹੁੰਦੇ ਹਨ ਜੋ ਕਲੀਸੀਆ ਦੇ ਜਾਂ ਖ਼ੁਦਾ ਦੇ ਕੰਮ ਦੇ ਨਾ ਵਧਣ ਤੇ ਦੁਖੀ ਹੁੰਦੇ ਹਨ।

2. ਉਹ ਦੁਆ ਕਰਨ ਵਾਲਾ ਆਦਮੀ ਸੀ। ਨਹਮਯਾਹ ਨੂੰ ਜਦ ਪਹਿਲਾਂ ਯਰੂਸ਼ਲਮ ਦੀ ਮੁਸ਼ਕਿਲ ਦਾ ਪਤਾ ਲੱਗਾ ਤਾਂ ਉਸਨੇ ਸੋਗ ਕੀਤਾ ਅਤੇ ਰੋਜ਼ਾ ਰੱਖਿਆ। ਸਭ ਤੋਂ ਵਧ ਕੇ ਉਸ ਨੇ ਦੁਆ ਕੀਤੀ (1:4–11)। ਆਪਣੇ ਟੀਚੇ ਦੀ ਪ੍ਰਾਪਤੀ ਲਈ ਕੰਮ ਕਰਦਿਆਂ ਉਹ ਦੁਆ ਕਰਦਾ ਰਿਹਾ। ਨਹਮਯਾਹ 1 ਅਧਿਆਇ ਵਿਚ ਆਪਣੀ ਦੁਆ ਵਿਚ ਉਸ ਨੇ ਯਹੋਵਾਹ ਦੀ ਵਡਿਆਈ ਅਤੇ ਭਲਿਆਈ ਲਈ ਉਹਦੀ ਤਾਰੀਫ਼ ਕਰਦਿਆਂ, ਉਸ ਨੂੰ ਸੰਬੋਧਨ ਕੀਤਾ ਅਤੇ ਬੜੀ ਹਲੀਮੀ ਨਾਲ ਉਹਨੂੰ ਆਪਣੀਆਂ ਦੁਆਵਾਂ ਸੁਣਨ ਲਈ ਆਖਿਆ। ਉਸਨੇ ਲੋਕਾਂ ਦੇ ਪਾਪਾਂ ਅਤੇ ਆਪਣੇ ਪਾਪਾਂ ਨੂੰ ਮੰਨਿਆ। ਫਿਰ ਉਸ

ਨੇ ਯਹੋਵਾਹ ਨੂੰ ਆਪਣੇ ਲੋਕਾਂ ਨੂੰ ਅਸੀਰੀ ਵਿਚ ਲਿਆਉਣ ਦੇ ਆਪਣੇ ਵਾਅਦੇ ਨੂੰ ਚੇਤੇ ਕਰਨ ਨੂੰ ਆਖਿਆ। ਉਸ ਨੇ ਖ਼ੁਦਾ ਅੱਗੇ ਦੁਆ ਕੀਤੀ ਕਿ ਰਾਜੇ ਕੋਲ ਜਾਣ ਤੇ ਉਹ ਉਸ ਨੂੰ ਕਾਮਯਾਬੀ ਦਵੇ। ਖ਼ੁਦਾ ਨੇ ਇਸ ਦੁਆ ਨੂੰ ਸੁਣ ਲਿਆ ਅਤੇ ਰਾਜੇ ਨੇ ਨਹਮਯਾਹ ਨੂੰ ਵਾਪਸ ਜਾ ਕੇ ਅਸੀਰਾਂ ਦੀ ਮਦਦ ਕਰਨ ਦੀ ਪ੍ਵਾਨਗੀ ਦੇ ਦਿਤੀ।

''ਕਲੀਸੀਆ ਨੂੰ ਬਣਾਉਣ'' ਦੀ ਚਾਹ ਰੱਖਣ ਵਾਲੇ ਲੀਡਰਾਂ ਲਈ ਦੁਆ ਕਰਦੇ ਰਹਿਣਾ ਜ਼ਰੂਰੀ ਹੈ (ਵੇਖੋ 1 ਥੱਸਲੁਨੀਕੀਆਂ 5: 17)। ਮੁੱਢਲੀ ਕਲੀਸੀਆ ''ਪ੍ਰਾਰਥਨਾ ਵਿਚ ... ਲੱਗੀ ਰਹਿੰਦੀ ਸੀ'' (ਕਰਤੱਬ 2: 42; KJV)। ਕਲੀਸੀਆ ਵਿਚ ਸਾਡਾ ਕੰਮ ਦੁਆ ਨਾਲ ਹੀ ਸ਼ੁਰੂ ਅਤੇ ਦੁਆ ਨਾਲ ਹੀ ਖ਼ਤਮ ਹੋਣਾ ਚਾਹੀਦਾ ਹੈ!

3. ਉਹ ਇਕ ਚੰਗਾ ਪ੍ਰਬੰਧਕ ਸੀ। ਤਕਰੀਬਨ ਪਰਿਭਾਸ਼ਾ ਤੋਂ ਹੀ, ਇਕ ਚੰਗਾ ਆਗੂ ਉਹ ਹੁੰਦਾ ਹੈ, ਜਿਹੜਾ ਕੰਮ ਕੀਤੇ ਜਾਣ ਲਈ ਦੂਜਿਆਂ ਦੇ ਕੰਮ ਨੂੰ ਸੰਗਠਿਤ ਕਰਨ ਦੇ ਯੋਗ ਹੋਵੇ। ਨਹਮਯਾਹ ਵਿਚ ਇਹ ਯੋਗਤਾ ਹੈ ਸੀ। ਯਰੂਸ਼ਲਮ ਪੁੱਜ ਕੇ ਅਤੇ ਹਾਲਾਤ ਦਾ ਜਾਇਜ਼ਾ ਲੈ ਕੇ ਉਸ ਨੇ ਲੋਕਾਂ ਨੂੰ ਇਕੱਠਿਆਂ ਕੀਤਾ, ਉਨ੍ਹਾਂ ਨੂੰ ਸਮਝਾਇਆ ਕਿ ਕੀ ਜ਼ਰੂਰੀ ਹੈ ਅਤੇ ਫਿਰ ਉਨ੍ਹਾਂ ਨੂੰ ਸੰਗਠਿਤ ਕੀਤਾ ਤਾਂ ਜੋ ਕੰਧ ਦਾ ਹਰ ਹਿੱਸਾ ਬਣ ਸਕੇ (2: 17—3: 32)। ਹਥਿਆਰਾਂ ਨਾਲ ਹਮਲੇ ਦੀ ਧਮਕੀ ਮਿਲਣ ਤੇ ਲੋਕਾਂ ਨੂੰ ਸੰਗਠਿਤ ਕਰਨ ਦੀ ਉਸ ਦੀ ਹੋਰ ਯੋਗਤਾ ਅਧਿਆਇ 4 ਵਿਚ ਮਿਲਦੀ ਹੈ।

ਅੱਜ ਕਲੀਸੀਆ ਦੇ ਆਗੂਆਂ ਵਿਚ ਇਹ ਵੇਖਣ ਦੀ ਯੋਗਤਾ ਹੋਣੀ ਜ਼ਰੂਰੀ ਹੈ ਕਿ ਕੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਦੇ ਯੋਗ ਹੋਣਾ ਜ਼ਰੂਰੀ ਹੈ ਕਿ ਕੰਮ ਵਿਚ ਮਦਦ ਲਈ ਲੋਕਾਂ ਨੂੰ ਕਾਇਲ ਕਰ ਸਕਣ ਅਤੇ ਫਿਰ ਇਹ ਕਿ ਉਨ੍ਹਾਂ ਵਿਚ ਮੰਡਲੀ ਨੂੰ ਸੰਗਠਿਤ ਕਰਨ ਅਤੇ ਇਹ ਵੇਖਣ ਦਾ ਕਿ ਕੰਮ ਪੂਰਾ ਹੋ ਰਿਹਾ ਹੈ, ਹੁਨਰ ਹੋਵੇ।

4. ਉਹ ਮੁਸ਼ਕਿਲਾਂ ਉੱਤੇ ਕਾਬੂ ਪਾ ਸਕਦਾ ਸੀ। ਕੰਧ ਨੂੰ ਬਣਾਉਣ ਵਿਚ ਮਦਦ ਲਈ ਤੈਅ ਕਰ ਲੈਣ ਤੋਂ ਬਾਅਦ ਨਹਮਯਾਹ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਤਾਂ ਉਹਨੂੰ ਫ਼ਾਰਸ ਦੇ ਰਾਜੇ ਤੋਂ ਇਜਾਜ਼ਤ ਲੈਣੀ ਪਈ। ਯਹੂਦੀ ਲੋਕ ਭਾਵੇਂ ਬਾਬਲ ਵਿਚ ਰਹਿੰਦੇ ਸਨ ਜਾਂ ਯਹੂਦਾਹ ਵਿਚ, ਪਰ ਉਹ ਹੈ ਅਸੀਰ ਹੀ ਸਨ। ਫ਼ਾਰਸੀ ਰਾਜੇ ਦੀ ਇਜਾਜ਼ਤ ਦੇ ਬਗ਼ੈਰ ਉਹ ਕੋਈ ਮਹੱਤਵਪੂਰਣ ਕੰਮ ਨਹੀ ਕਰ ਸਕਦੇ ਸਨ ਅਤੇ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਸੀ ਕਿ ਰਾਜਾ ਯਰੂਸ਼ਲਮ ਦੀ ਕਿਲ੍ਹੇਬੰਦੀ ਕਰਨ ਦੀ ਯਹੂਦੀਆਂ ਦੀ ਇੱਛਾ ਉਨ੍ਹਾਂ ਦੀ ਮਰਜ਼ੀ ਮੁਤਾਬਕ ਇਜਾਜ਼ਤ ਦੇ ਦਵੇ। ਨਹਮਯਾਹ ਨੇ ਇਸ ਮੁਸ਼ਕਿਲ ਨਾਲ ਖ਼ੁਦਾ ਦੀ ਮਦਦ ਨਾਲ ਅਤੇ ਕੰਧ ਨੂੰ ਬਣਾਉਣ ਦੀ ਇਜਾਜ਼ਤ ਲਈ ਰਾਜੇ ਅੱਗੇ ਬੇਨਤੀ ਕਰਨ ਲਈ ਦਲੇਰ ਹੋ ਕੇ ਨਜਿੱਠਿਆ। ਖ਼ੁਦਾ ਨੇ ਰਾਜੇ ਨੂੰ ਉਸ ਦੀ ਬੇਨਤੀ ਮੰਨਣ ਲਈ ਪ੍ਰੇਰਿਆ।

ਦੂਜਾ, ਯਹੂਦੀਆਂ ਵੱਲੋਂ ਕੰਧ ਨੂੰ ਬਣਾਉਣ ਦਾ ਕੰਮ ਸ਼ੁਰੂ ਕਰਨ ਤੇ ਬਾਹਰੋਂ ਵਿਰੋਧ ਸ਼ੁਰੂ ਹੋ ਗਿਆ। ਦੇਸ਼ ਦੇ ਲੋਕਾਂ (ਗੈਰਯਹੂਦੀਆਂ ਨੇ ਜਿਹੜੇ ਯਹੂਦੀਆਂ ਦੇ ਵਿਚ ਜਾਂ ਆਲੇ ਦੁਆਲੇ ਦੇ ਇਲਾਕਿਆਂ ਵਿਚ ਰਹਿੰਦੇ ਸਨ) ਕੰਧ ਦੇ ਬਣਾਏ ਜਾਣ ਤੇ ਇਤਰਾਜ਼ ਕੀਤਾ। ਉਹ ਚਾਹੁੰਦੇ ਸਨ ਕਿ ਯਹੂਦੀ ਕਮਜ਼ੋਰ ਅਤੇ ਲਾਚਾਰ ਬਣੇ ਰਹਿਣ, ਇਸ ਕਰਕੇ ਉਨ੍ਹਾਂ ਨੇ ਇਸ ਕੰਮ ਨੂੰ ਰੋਕਣ ਲਈ ਜੋ ਵੀ ਕਰ ਸਕਦੇ ਸਨ, ਕੀਤਾ। ਉਨ੍ਹਾਂ ਨੇ ਯਹੂਦੀਆਂ ਉੱਤੇ ''ਪਾਤਸ਼ਾਹ ਤੋਂ ਆਕੀ'' ਹੋਣ ਦਾ ਇਲਜ਼ਾਮ ਲਾਇਆ। ਪਰ ਨਹਮਯਾਹ ਨੇ ਉਨ੍ਹਾਂ ਦੀ ਦਖ਼ਲਅੰਦਾਜ਼ੀ ਦੀ ਪਰਵਾਹ ਨਾ ਕੀਤੀ (2: 19, 20)। ਉਨ੍ਹਾਂ ਨੇ ਯਹੂਦੀਆਂ ਦੀ ਹਿੰਮਤ ਤੋੜ ਕੇ ਕੰਮ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕੰਮ ਕਰਨ ਵਾਲਿਆਂ ਦਾ ਮਜ਼ਾਕ ਉਡਾਇਆ ਅਤੇ ਉਨ੍ਹਾਂ ਨੂੰ ਠੱਠੇ ਕੀਤੇ, ਪਰ ਨਹਮਯਾਹ ਅਤੇ ਯਹੂਦੀਆਂ ਨੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ (4: 1—6)। ਇਹਦੇ ਬਾਅਦ ਦੁਸ਼ਮਣਾਂ ਨੇ ਯਹੂਦੀਆਂ ਨੂੰ ਤਾਕਤ ਨਾਲ ਡਰਾਇਆ, ਪਰ ਯਹੂਦੀਆਂ ਨੇ ਆਪਣੇ ਆਪ ਨੂੰ ਹਥਿਆਰਬੰਦ ਕਰ ਲਿਆ। ਪਰ ਕੰਮ ਕਰਨ

ਵਾਲੇ ਸਭ ਲੋਕ ''ਆਪਣੀਆਂ ਤਲਵਾਰਾਂ ਰੱਖ ਕੇ'' ਬਣਾਉਂਦੇ ਸਨ ਅਤੇ ਅੱਧੇ ਲੋਕ ਕੰਮ ਕਰਦੇ ਸਨ ਜਦਕਿ ਬਾਕੀ ਦੇ ਲੋਕ ਪਹਿਰਾ ਦਿੰਦੇ ਸਨ (4:7–23)। ਵਿਰੋਧੀਆਂ ਨੇ ਨਹਮਯਾਹ ਨਾਲ ''ਬਦੀ'' ਕਰਨ ਦੀ ਸਾਜ਼ਸ਼ ਕੀਤੀ (6:1–3), ਅਤੇ ਉਨ੍ਹਾਂ ਨੇ ਉਸ ਨੂੰ ਝੂਠੇ ਇਲਜ਼ਾਮਾਂ ਨਾਲ ''ਡਰਾਉਣ'' ਦੀ ਕੋਸ਼ਿਸ ਕੀਤੀ (6:4–9); ਪਰ ਖ਼ੁਦਾ ਦੇ ਬੰਦੇ ਨੇ ਡਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਨਹਮਯਾਹ ਨੂੰ ਹੈਕਲ ਵਿਚ ਲਲਚਾਉਣ ਲਈ ਦੂਜੇ ਯਹੂਦੀਆਂ ਨੂੰ ''ਭਾੜੇ ਤੇ'' ਵੀ ਲਿਆ (ਜਿੱਥੇ ਮੂਸਾ ਦੀ ਸ਼ਰ੍ਹਾ ਦੇ ਮੁਤਾਬਕ ਉਸਨੂੰ ਜਾਣ ਦਾ ਕੋਈ ਹੱਕ ਨਹੀਂ ਸੀ) ਤਾਂ ਜੋ ਲੀਡਰ ਦੇ ਤੌਰ ਤੇ ਉਸ ਨੂੰ ਬਦਨਾਮ ਕਰ ਸਕਣ। ਪਰ ਭਾਵੇਂ ਉਸ ਦੀ ਆਪਣੀ ਨਿੱਜੀ ਸੁਰੱਖਿਆ ਲਈ ਸੀ, ਨਹਮਯਾਹ ਨੇ ਉੱਥੇ ਜਾਣ ਤੋਂ ਇਨਕਾਰ ਕਰ ਦਿੱਤਾ (6:10–14)।

ਵਿਰੋਧ ਕਰਨ ਵਾਲਿਆਂ ਨੇ ਉਹਦੇ ਰਾਹ ਵਿਚ ਜੋ ਵੀ ਅੜਿੱਕਾ ਡਾਹਿਆ ਨਹਮਯਾਹ ਨੇ ਖ਼ੁਦਾ ਉੱਤੇ ਭਰੋਸਾ ਰੱਖਿਆ। ਹਰ ਮੁਸ਼ਕਿਲ ਵਿਚ ਨਹਮਯਾਹ ਖ਼ੁਦਾ ਦੇ ਅੱਗੇ ਗਿਆ (2:20; 4:4, 5, 9; 6:9, 14)। ਬਾਹਰਲੀਆਂ ਧਮਕੀਆਂ ਦੇ ਯਹੂਦੀਆਂ ਦੇ ਆਦਰਸ਼ ਜਵਾਬ ਨੂੰ 4:9 ਵਿਚ ਵਿਖਾਇਆ ਗਿਆ ਹੈ: ''ਅਸੀਂ ਆਪਣੇ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਰਹੇ ਅਤੇ ਉਨ੍ਹਾਂ ਦੇ ਕਾਰਣ ਆਪਣੇ ਲਈ ਦਿਨ ਰਾਤ ਉਨ੍ਹਾਂ ਦੇ ਵਿਰੁੱਧ ਪਹਿਰਾ ਖੜਾ ਕੀਤਾ।'' ਉਨ੍ਹਾਂ ਨੇ ਖ਼ੁਦਾ ਤੋਂ ਮਦਦ ਮੰਗੀ ਅਤੇ ਆਪਣੇ ਬਚਾਅ ਲਈ ਜੋ ਕੁਝ ਵੀ ਕਰ ਸਕਦੇ ਸਨ ਉਹ ਕੀਤਾ।

ਤੀਜਾ, ਇਕ ਗੰਭੀਰ ਮੁਸ਼ਕਿਲ ਜਿਸ ਦਾ ਨਹਮਯਾਹ ਨੇ ਸਾਹਮਣਾ ਕੀਤਾ, ਉਹ ਡੇਰੇ ਦੇ ਅੰਦਰ ਪਾਪ ਸੀ। ਕੰਧ ਦੇ ਬਣਾਏ ਜਾਣ ਦੀ ਕਹਾਣੀ ਦੇ ਵਿਚਕਾਰ, ਯਹੂਦੀਆਂ ਵਿਚ ਪਾਏ ਜਾਣ ਵਾਲੇ ਪਾਪ ਦੇ ਇਕ ਵਰਣਨ ਲਈ ਰੁੱਕ ਗਿਆ। ਅਮੀਰ ਲੋਕ ਗ਼ਰੀਬਾਂ ਨੂੰ ਪੈਸਾ ਉਧਾਰ ਦੇ ਕੇ, ਉਸ ਉੱਤੇ ਵਿਆਜ ਲਾ ਕੇ ਅਤੇ ਕਰਜ਼ੇ ਦੀ ਰਕਮ ਦੇ ਰੂਪ ਵਿਚ ਉਨ੍ਹਾਂ ਦੀ ਜ਼ਮੀਨ ਹਥਿਆ ਕੇ, ਉਨ੍ਹਾਂ ਨਾਲ ਧੱਕਾ ਕਰ ਰਹੇ ਸਨ। ਨਹਮਯਾਹ ਨੇ ਪੰਚਾਇਤ ਸੱਦੀ, ਜਿਹੜੇ ਇਸ ਤਰ੍ਹਾਂ ਪਾਪ ਕਰ ਰਹੇ ਸਨ ਉਨ੍ਹਾਂ ਨੂੰ ਝਿੜਕਿਆ ਅਤੇ ਉਨ੍ਹਾਂ ਨੂੰ ਸਮਝਾਇਆ ਕਿ ਅਜਿਹਾ ਕਰਨਾ ਬੰਦ ਕਰ ਦੇਣ (5:1–13)। ਨਹਮਯਾਹ ਨੂੰ ਪਤਾ ਸੀ ਕਿ ਖ਼ੁਦਾ ਦੇ ਲੋਕ ਜਦ ਤਕ ਉਹ ਅਜਿਹੀ ਗਲਤੀ ਕਰਨ ਤੋਂ ਬਾਜ਼ ਨਹੀਂ ਆਉਂਦੇ ਤਦ ਤਕ ਉਨ੍ਹਾਂ ਨੇ ਸਫ਼ਲਤਾ ਨਾਲ ਨਹੀਂ ਬਣਾ ਸਕਣਾ ਸੀ।

ਕਲੀਸੀਆ ਦੇ ਆਗੂਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਅੱਗੇ ਮੁਸ਼ਕਿਲਾਂ ਆਉਣਗੀਆਂ। ਕਲੀਸੀਆ ਨੂੰ ਬਣਾਉਣ ਦੀ ਸਫ਼ਲਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਹ ਉਨ੍ਹਾਂ ਮੁਸ਼ਕਲਾਂ ਉੱਤੇ ਕਾਬੂ ਪਾਉਣ ਵਿਚ ਭਰਾਵਾਂ ਦੀ ਮਦਦ ਕਰ ਸਕਦੇ ਹਨ ਜਾਂ ਨਹੀਂ। ਪੈਦਾ ਹੋਣ ਵਾਲੀਆਂ ਚੁਣੌਤੀਆਂ ਵਿਚ ਮੰਡਲੀ ਦੇ ਬਾਹਰੋਂ ਵਿਰੋਧ ਅਤੇ ਮੰਡਲੀ ਦੇ ਲੋਕਾਂ ਦੇ ਅੰਦਰ ਪਾਪ ਹੋ ਸਕਦੇ ਹਨ। ਮੁਸ਼ਕਿਲ ਜੋ ਵੀ ਹੋਵੇ, ਇਸ ਦਾ ਹੱਲ ਹਮੇਸ਼ਾ ਮਦਦ ਲਈ ਖ਼ੁਦਾ ਅੱਗੇ ਦੁਆ ਵਿਚ ਜਾਣਾ ਅਤੇ ਉਹ ਕਰਨਾ ਹੈ ਜੋ ਖ਼ੁਦਾ ਚਾਹੁੰਦਾ ਹੈ ਕਿ ਉਸ ਦੇ ਲੋਕ ਕਰਨ। ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਖ਼ੁਦਾ ਤੋਂ ਸਮਝ ਮੰਗਣ ਕਿ ਉਨ੍ਹਾਂ ਨੂੰ ਪਤਾ ਲੱਗੇ ਕਿ ਉਹ ਕੀ ਕਰਨ ਅਤੇ ਉਨ੍ਹਾਂ ਨੂੰ ਇਸ ਨੂੰ ਕਰਨ ਦੀ ਤਾਕਤ ਅਤੇ ਹਿੰਮਤ ਮਿਲੇ। ਜਦ ਖ਼ੁਦਾ ਦੀ ਇੱਛਾ ਸਪੱਸ਼ਟ ਹੋ ਜਾਣੇ, ਤਾਂ ਉਹ ਮੁਸ਼ਕਿਲ ਦਾ ਸਾਹਮਣਾ ਕਰਨ ਨੂੰ ਟਾਲਣ ਲਈ ਡਰਨ ਅਤੇ ਅਜ਼ਮਾਇਸ਼ ਦਾ ਸਾਹਮਣਾ ਕਰਨ ਤੋਂ ਇਨਕਾਰ ਕਰਦਿਆਂ ਮੰਡਲੀ ਦੀ ਅਗਵਾਈ ਕਰਨ।

*ਕੰਮ ਕਰਨ ਦੇ ਇੱਛੁਕ ਲੋਕਾਂ ਨੂੰ ਲੱਭੋ।* ਕਲੀਸੀਆ ਨੂੰ ਬਣਾਉਣ ਲਈ ਇਕ ਹੋਰ ਜ਼ਰੂਰਤ ਕੰਮ ਕਰਨ ਦੇ ਚਾਹਵਾਨਾਂ ਦਾ ਹੋਣਾ ਹੈ। ਯਰੂਸ਼ਲਮ ਦੀ ਕੰਧ ਐਨੇ ਥੋੜ੍ਹੇ ਸਮੇਂ ਵਿਚ ਕਿਉਂ ਬਣ ਗਈ? ਨਹਮਯਾਹ 4:6 ਆਖਦਾ ਹੈ ਕਿ ''ਲੋਕ ਦਿਲ ਨਾਲ ਕੰਮ ਕਰਦੇ ਸਨ।'' ਅਧਿਆਇ 3 ਉਨ੍ਹਾਂ ਕੰਮ ਕਰਨ ਦੇ ਚਾਹਵਾਨਾਂ ਦੇ ਨਾਂਅ ਦੱਸਦਾ ਹੈ।

ਕੰਮ ਪੂਰਾ ਹੋਣ ਲਈ ਵਫ਼ਾਦਾਰੀ ਨਾਲ ਕੀਤੀ ਗਈ ਨਹਮਯਾਹ ਦੀ ਅਗਵਾਈ ਨੂੰ ਸਿਹਰਾ

ਜਾਂਦਾ ਹੈ, ਪਰ ਇਸ ਸਫ਼ਲਤਾ ਲਈ ਵਡਿਆਈ ਖ਼ੁਦਾ ਨੂੰ ਦੇਣੀ ਬਣਦੀ ਹੈ। ਉਸਨੇ ਉਹ ਮੁਹੱਈਆ ਕਰਵਾਇਆ ਜੋ ਯਹੂਦੀਆਂ ਨੂੰ ਕੰਧ ਦੇ ਬਣਾਏ ਜਾਣ ਲਈ ਚਾਹੀਦਾ ਸੀ ਅਤੇ ਉਸਨੇ ਦੁਸ਼ਮਣਾਂ ਤੋਂ ਆਪਣੇ ਲੋਕਾਂ ਦੀ ਰਖਵਾਲੀ ਕੀਤੀ। ਫਿਰ ਵੀ ਇੱਛੁਕ ਕੰਮ ਕਰਨ ਵਾਲਿਆਂ ਦੇ ਬਗ਼ੈਰ ਕੰਮ ਪੂਰਾ ਨਹੀਂ ਹੋ ਸਕਦਾ ਸੀ। ਕਲੀਸੀਆ ਦੀ ਰੂਹਾਨੀ ਤਰੱਕੀ ਅਤੇ ਗਿਣਤੀ ਵਿਚ ਵਾਧਾ ਸਿਰਫ਼ ਜਾਂ ਮੁੱਖ ਤੌਰ ਤੇ ਪ੍ਰਚਾਰਕ, ਐਲਡਰਾਂ ਜਾਂ ਟੀਚਰਾਂ ਉੱਤੇ ਨਿਰਭਰ ਨਹੀਂ ਹੈ। ਇਹ ਮੈਂਬਰਾਂ ਉੱਤੇ ਅਤੇ ਇਸ ਉੱਤੇ ਨਿਰਭਰ ਹੈ ਕਿ ਉਹ ਪ੍ਰਭੂ ਲਈ ਕੰਮ ਕਰਨ ਦੇ ਇੱਛੁਕ ਹਨ ਜਾਂ ਨਹੀਂ।

*ਖ਼ੁਦਾ ਦੀ ਬਰਕਤ ਮੰਗੋ।* ਨਹਮਯਾਹ ਦੀ ਕਹਾਣੀ ਇਹ ਸਾਫ਼ ਕਰ ਦਿੰਦੀ ਹੈ ਕਿ ਕੰਧ ਉਨ੍ਹਾਂ ਯਹੂਦੀਆਂ ਦੇ ਸਹਿਯੋਗ ਦੇ ਨਾਲ ਨਾਲ ਜਿਹੜੇ ਕੰਮ ਕਰਨ ਲਈ ਤਿਆਰ ਸਨ, ਨਹਮਯਾਹ ਦੀ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਦੇ ਕਰਕੇ ਬਣੀ। ਇਹ ਉਸ ਕੰਮ ਵਿਚ ਖ਼ੁਦਾ ਦੀ ਭੂਮਿਕਾ ਉੱਤੇ ਵੀ ਜ਼ੋਰ ਦਿੰਦਾ ਹੈ। ਨਹਮਯਾਹ ਨੇ ਖ਼ੁਦਾ ਤੋਂ ਮਦਦ ਲਈ ਦੁਆ ਕੀਤੀ। ਜਦ ਟੀਚਾ ਪੂਰਾ ਹੋ ਗਿਆ ਤਾਂ ਉਸ ਨੇ ਖ਼ੁਦਾ ਨੂੰ ਇਸ ਦਾ ਸਿਹਰਾ ਦਿੱਤਾ। ਉਸ ਨੇ ਆਖਿਆ, ''ਜਦ ਸਾਡੇ ਸਾਰੇ ਵੈਰੀਆਂ ਨੇ ਸੁਣਿਆ *[ਕਿ ਕੰਧ ਪੂਰੀ ਹੋ ਗਈ]* ਅਤੇ ਸਾਰੀਆਂ ਕੌਮਾਂ ਨੇ ਜਿਹੜੀਆਂ ਸਾਡੇ ਆਲੇ ਦੁਆਲੇ ਸਨ ਵੇਖਿਆ, ਓਹ ਆਪਣੀ ਹੀ ਨਿਗਾਹ ਵਿਚ ਆਪ ਹੀ ਡਿੱਗ ਪਏ, ਕਿਉਂਕਿ ਉਨ੍ਹਾਂ ਨੇ ਜਾਣ ਲਿਆ ਕਿ ਇਹ ਕੰਮ ਸਾਡੇ ਪਰਮੇਸ਼ੁਰ ਵੱਲੋਂ ਕੀਤਾ ਜਾ ਰਿਹਾ ਹੈ'' (6:16)।

ਕੰਧ ਨੂੰ ਕਿਸ ਨੇ ਬਣਾਇਆ? ਕੋਈ ਆਖ ਸਕਦਾ ਹੈ ਕਿ ਨਹਮਯਾਹ ਨੇ ਬਣਾਇਆ ਜਾਂ ਇਹ ਕਿ ਯਹੂਦੀਆਂ ਨੇ ਬਣਾਇਆ। ਨਹਮਯਾਹ ਆਖ ਸਕਦਾ ਹੋਵੇਗਾ, ''ਖ਼ੁਦਾ ਨੇ ਇਸ ਨੂੰ ਬਣਾਇਆ!'' ਖ਼ੁਦਾ ਨੇ ਕੰਮ ਦੇ ਹਰ ਚਰਣ ਤੇ ਯਹੂਦੀਆਂ ਦੀ ਮਦਦ ਕੀਤੀ। ਬਿਨਾਂ ਉਹਦੀ ਮਦਦ ਅਤੇ ਉਹਦੀਆਂ ਬਰਕਤਾਂ ਤੋਂ ਬਿਨਾਂ ਕੰਮ ਪੂਰਾ ਨਹੀਂ ਹੋ ਸਕਦਾ।

ਸਭ ਤੋਂ ਵਧ ਕੇ ਅੱਜ ਕਲੀਸੀਆ ਨੂੰ ਬਣਾਉਣ ਲਈ ਚੰਗੇ ਆਗੂਆਂ ਅਤੇ ਇੱਛੁਕ ਕੰਮ ਕਰਨ ਵਾਲਿਆਂ ਲਈ ਜਿਹੜੀ ਚੀਜ਼ ਦੀ ਜ਼ਰੂਰਤ ਹੈ, ਉਹ ਖ਼ੁਦਾ ਦੀ ਮਦਦ ਹੈ। ਪੌਲੁਸ ਨੇ ਆਖਿਆ ਕਿ ਉਸਨੇ ''ਲਾਇਆ'' ਅਤੇ ''ਅਪੁੱਲੋਸ ਨੇ ਸਿੰਜਿਆ'' ਪਰ ''ਪਰਮੇਸ਼ੁਰ ਨੇ ਵਧਾਇਆ'' (1 ਕੁਰਿੰਥੀਆਂ 3:6; KJV)। ਜਦ ਉਸ ਨੇ ਆਪਣੀਆਂ ਪ੍ਰਾਪਤੀਆਂ ਦੀ ਖ਼ਬਰ ਕਲੀਸੀਆ ਨੂੰ ਦਿੱਤੀ ਤਾਂ ਉਸ ਨੇ ਚੇਤੇ ਕੀਤਾ ਕਿ ਉਹਦੇ ਅਤੇ ਉਹਦੇ ਨਾਲ ਦੇ ਕੰਮ ਕਰਨ ਵਾਲਿਆਂ ਨਾਲ ''ਪਰਮੇਸ਼ੁਰ ਨੇ ਕੀ ਕੀਤਾ'' (ਕਰਤੱਬ 14:27)। ਅਸੀਂ ਪ੍ਰਭੂ ਲਈ ''ਸੱਭੋ ਕੁਝ'' ਕਰ ਸਕਦੇ ਹਾਂ, ਪਰ ਸਿਰਫ਼ ਮਸੀਹ ਦੇ ਰਾਹੀਂ ਜਿਹੜਾ ਸਾਨੂੰ ''ਬਲ ਦਿੰਦਾ ਹੈ'' (ਫ਼ਿਲਿੱਪੀਆਂ 4:13)। ਅਸੀਂ ਉਸ ਨਾਲੋਂ ਜੋ ''ਅਸੀਂ ਮੰਗਦੇ ਜਾਂ ਸੋਚਦੇ ਹਾਂ'' ਵੱਧ ਕਰ ਸਕਦੇ ਹਾਂ, ਕਿਉਂ ਜੋ ਖ਼ੁਦਾ ਸਾਡੇ ਰਾਹੀਂ ਕੰਮ ਕਰ ਰਿਹਾ ਹੈ (ਅਫ਼ਸੀਆਂ 3:20, 21)। ਸਾਨੂੰ ਖ਼ੁਦਾ ਦੀਆਂ ਬਰਕਤਾਂ ਮੰਗਦੇ ਰਹਿਣਾ, ਉਸ ਦੀ ਮਦਦ ਉੱਤੇ ਨਿਰਭਰ ਰਹਿਣਾ ਅਤੇ ਉਸਦੀ ਰੱਬੀ ਸ਼ਕਤੀ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜਿਹੜੀ ਕਿਸੇ ਵੀ ਕਾਮਯਾਬੀ ਨੂੰ ਸੰਭਵ ਬਣਾਉਂਦੀ ਹੈ!

*ਨੇਮ ਦੇ ਮੰਨੇ ਜਾਣ ਉੱਤੇ ਫੋਕਸ।* ਕੰਧ ਦੇ ਬਣਾਏ ਜਾਣ ਦੇ ਪੂਰਾ ਹੋਣ ਦਾ ਵਿਰਤਾਂਤ ਭਾਵੇਂ ਨਹਮਯਾਹ 6 ਅਧਿਆਇ ਵਿਚ ਹੈ, ਪਰ ਕਿਤਾਬ ਦੀ ਕਹਾਣੀ ਅਜੇ ਮੁੱਕੀ ਨਹੀਂ ਹੈ। ਕਿਤਾਬ ਦਾ ਮਗਰਲਾ ਬਹੁਤਾ ਹਿੱਸਾ ਯਹੋਵਾਹ ਦੇ ਉਸ ਨੇਮ ਦੇ ਨਵਿਆਏ ਜਾਣ ਨਾਲ ਸਬੰਧਿਤ ਹੈ ਜਿਹੜਾ ਸ਼ੁਰੂ ਵਿਚ ਇਸਰਾਏਲੀਆਂ ਨਾਲ ਸੀਨੈ ਪਹਾੜ ਉੱਤੇ ਬੰਨ੍ਹਿਆ ਗਿਆ ਸੀ। ਅਧਿਆਇ 8 ਦੱਸਦਾ ਹੈ ਕਿ ਕਿਵੇਂ ਨੇਮ ਦੇ ਨਵਿਆਏ ਜਾਣ ਤੇ ਲੋਕਾਂ ਦੇ ਸਾਹਮਣੇ ਸ਼ਰ੍ਹਾ ਨੂੰ ਪੜ੍ਹਿਆ ਗਿਆ। ਫਿਰ ਅਧਿਆਇ 9 ਇਹ ਇਸ ਗੱਲ ਦਾ ਵਰਣਨ ਕਰਦਾ ਹੈ ਕਿ ਲੋਕ ਨੇਮ ਦੇ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਵਿਆਉਣ ਲਈ ਕਿਵੇਂ ਤਿਆਰ ਹੋਏ। ਉਨ੍ਹਾਂ ਨੇ ਦੇਸ਼ ਦੇ ਲੋਕਾਂ ਨਾਲੋਂ ਕਿਵੇਂ ''ਆਪਣੇ ਆਪ ਨੂੰ ਅੱਡ ਕੀਤਾ'' (9:2) ਅਤੇ ਆਪਣਾ ਇਤਹਾਸ ਚੇਤੇ ਕੀਤਾ। ਅਧਿਆਇ 9 ਅਤੇ 10 ਵਿਚ ਨਵਿਆਉਣ ਦੀਆਂ

ਖ਼ਾਸ ਪੇਸ਼ਕਸ਼ਾਂ ਕੀਤੀਆਂ ਗਈਆਂ ਅਤੇ ਮੰਨੀਆਂ ਗਈਆਂ, ਪਹਿਲਾਂ ਤਾਂ ਆਗੂਆਂ ਵੱਲੋਂ ਅਤੇ ਫਿਰ ਲੋਕਾਂ ਵੱਲੋਂ। ਅਧਿਆਇ 11 ਅਤੇ 12 ਵਿਚ ਇਹ ਯਕੀਨੀ ਬਣਾਉਣ ਤੋਂ ਬਾਅਦ ਕਿ ਯਹੂਦੀ ਉਨ੍ਹਾਂ ਵਾਅਦਿਆਂ ਉੱਤੇ ਪੂਰੇ ਉਤਰਣ ਜਿਹੜੇ ਉਨ੍ਹਾਂ ਨੇ ਕੀਤੇ ਸਨ ਭਾਵ ਇਹ ਕਿ ਇਹ ਯਰੂਸ਼ਲਮ ਫੇਰ ਤੋਂ ਵਸਾਇਆ ਜਾਵੇ, ਅਤੇ ਇਹ ਬਣਾਈ ਗਈ ਕੰਧ ਦੀ ਚੱਠ ਕੀਤੀ ਜਾਵੇ, ਨਹਮਯਾਹ ਨੇ ਇਹ ਕਦਮ ਚੁੱਕੇ।

ਅਧਿਆਇ 13 ਦੱਸਦਾ ਹੈ ਕਿ ਨਹਮਯਾਹ ਰਾਜੇ ਨੂੰ ਖ਼ਬਰ ਦੇਣ ਲਈ ਸ਼ੂਸ਼ਨ ਵਿਚ ਵਾਪਸ ਗਿਆ। ਉਹ ਯਹੂਦਾਹ ਵਿਚ ਵਾਪਸ ਆਇਆ ਤਾਂ ਉਹਨੂੰ ਪਤਾ ਲੱਗਾ ਕਿ ਯਹੂਦੀ ਬੇਦੀਨ ਹੋ ਗਏ ਹਨ ਅਤੇ ਉਨ੍ਹਾਂ ਨੇ ਨੇਮ ਨੂੰ ਤੋੜ ਦਿੱਤਾ ਹੈ। ਉਹ ਉਨ੍ਹਾਂ ਵਾਅਦਿਆਂ ਤੇ ਖਰੇ ਨਹੀਂ ਉੱਤਰੇ ਸਨ ਜਿਹੜੇ ਉਨ੍ਹਾਂ ਨੇ ਹੁਣੇ ਹੁਣੇ ਕੀਤੇ ਸਨ! ਇਹ ਦੱਸਦਿਆਂ ਕਿ ਨਹਮਯਾਹ ਨੇਮ ਨੂੰ ਤੋੜਨ ਵਾਲਿਆਂ ਨਾਲ ਕਿਵੇਂ ਪੇਸ਼ ਆਇਆ ਕਿਤਾਬ ਦੀ ਸਮਾਪਤੀ ਹੁੰਦੀ ਹੈ। ਉਸ ਨੇ ਟੋਬੀਯਾਹ ਦਾ ਸਾਰਾ ਸਮਾਨ ਹੈਕਲ ਵਿੱਚੋਂ ਸੁੱਟ ਦਿੱਤਾ, ਕਿਉਂ ਜੋ ਟੋਬੀਯਾਹ ਨੂੰ ਸ਼ਰ੍ਹਾ ਦਾ ਉਲੰਘਣ ਕਰਦਿਆਂ ਉੱਥੇ ਕਮਰਾ ਦੇ ਦਿੱਤਾ ਗਿਆ ਸੀ। ਉਸਨੇ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਕਿ ਯਾਜਕਾਂ ਦੀ ਮਦਦ ਹੋਵੇ ਅਤੇ ਸੱਬਤ ਨੂੰ ਸਹੀ ਤਰੀਕੇ ਨਾਲ ਮੰਨਿਆ ਜਾਵੇ।

ਕਿਤਾਬ ਦਾ ਦੂਜਾ ਹਿੱਸਾ ਭਾਵੇਂ ਨੇਮ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਬਾਰੇ ਹੈ, ਪਰ ਇਸ ਦਾ ਜ਼ੋਰ ਅਸਲ ਵਿਚ ਖ਼ੁਦਾ ਦੇ ਹੁਕਮ ਦੇ ਮੰਨੇ ਜਾਣ ਦੀ ਅਹਿਮੀਅਤ ਉੱਤੇ ਹੈ। ਇਹੀ ਵਿਸ਼ਾ ਅਧਿਆਇ 1 ਵਿਚ ਪਹਿਲਾਂ ਮਿਲਿਆ ਸੀ, ਜਿੱਥੇ ਨਹਮਯਾਹ ਨੇ ਯਹੋਵਾਹ ਨੂੰ ਇਹ ਆਖਦਿਆਂ ਸੰਬੋਧਿਤ ਕੀਤਾ, ''ਜੋ ਆਪਣੇ ਪ੍ਰੇਮੀਆਂ, ਤੇ ਆਪਣੇ ਹੁਕਮ ਮੰਨਣ ਵਾਲਿਆਂ ਨਾਲ ਦਯਾ ਅਤੇ ਨੇਮ ਦੀ ਪਾਲਣਾ ਕਰਨ ਵਾਲਾ ਹੈਂ'' (1:5)। ਅਧਿਆਇ 6 ਵਿਚ ਨਹਮਯਾਹ ਨੇ ਹੈਕਲ ਵਿਚ ਜਾਣ ਤੋਂ ਇਨਕਾਰ ਕਰਨ ਕਰਕੇ ਜਿਸ ਦੀ ਸ਼ਰ੍ਹਾ ਵਿਚ ਮਨਾਹੀ ਕੀਤੀ ਗਈ ਸੀ, ਖ਼ੁਦਾ ਦੇ ਹੁਕਮਾਂ ਲਈ ਲਗਾਅ ਵਿਖਾਇਆ।

ਖ਼ੁਦਾ ਦੇ ਹੁਕਮਾਂ ਦੇ ਮੰਨੇ ਜਾਣ ਦੀ ਅਹਿਮੀਅਤ ਉੱਤੇ ਹੋਰ ਜ਼ੋਰ ਸ਼ਰ੍ਹਾ ਦੇ ਪੜ੍ਹੇ ਜਾਣ ਅਤੇ ਕਹਾਣੀ ਵਿਚ ਅੱਗੇ ਇਸਦੇ ਨਿਯਮਾਂ ਦੇ ਲਾਗੂ ਕੀਤੇ ਜਾਣ ਵਿਚ ਮਿਲਦਾ ਹੈ। ਇਨ੍ਹਾਂ ਵਿਰਤਾਂਤਾਂ ਵਿਚ ਅਸੀਂ ਵੇਖਦੇ ਹਾਂ ਕਿ ਨਹਮਯਾਹ ਖ਼ੁਦਾ ਦੀ ਮਦਦ ਨਾਲ ਸਫ਼ਲ ਹੋਇਆ, ਕਿਉਂ ਜੋ ਉਹ ਖ਼ੁਦਾ ਦੇ ਹੁਕਮਾਂ ਨੂੰ ਮੰਨੇ ਜਾਣ ਨੂੰ ਯਕੀਨੀ ਬਣਾਉਣਾ ਚਾਹੁੰਦਾ ਸੀ।

ਅੱਜ ਕਲੀਸੀਆ ਵਿਚ ਜਮਾਤ ਦੇ ਰੂਪ ਵਿਚ ਇਕੱਠੇ ਹੋਣਾ ਜਿਹੜੀ ਤਰੱਕੀ ਕਰੇ ਅਤੇ ਵਧੇ ਕਾਫੀ ਨਹੀਂ ਹੈ। ਪ੍ਰਭੂ ਦੀ ਕਲੀਸੀਆ ਦੀ ਹਰ ਮੰਡਲੀ ਲਈ ਉਸ ਨੇਮ ਦੇ ਹੁਕਮਾਂ ਨੂੰ ਮੰਨ ਕੇ ਜਿਸ ਦੇ ਤਹਿਤ ਅਸੀਂ ਰਹਿੰਦੇ ਹਾਂ, ਖ਼ੁਦਾ ਨੂੰ ਭਾਉਣਾ ਜ਼ਰੂਰੀ ਹੈ (ਵੇਖੋ ਮੱਤੀ 7:21; ਰੋਮੀਆਂ 6:17, 18; ਇਬਰਾਨੀਆਂ 5:8, 9)।

ਖ਼ੁਦਾ ਕਲੀਸੀਆ ਨੂੰ ਬਣਾਉਣ ਵਿਚ ਸਾਡੀ ਮਦਦ ਕਰੇਗਾ। ਪਰ ਮੰਡਲੀਆਂ ਨੂੰ ਰੂਹਾਨੀ ਤੌਰ ਤੇ ਬਰਕਤ ਉਹ ਤਦੇ ਦੇ ਸਕਦਾ ਹੈ ਜਦ ਅਗਵਾਈ ਕਰਨ ਵਾਲੇ ਅਤੇ ਸਿਖਾਉਣ ਵਾਲੇ ਲੋਕ ਉਸ ਦੇ ਹੁਕਮਾਂ ਨੂੰ ਮੰਨਣ ਦੀ ਕੋਸ਼ਿਸ਼ ਕਰ ਰਹੇ ਹੋਣ।

*ਸਾਰ।* ਮਸੀਹੀ ਲੋਕਾਂ ਦੇ ਰੂਪ ਵਿਚ ਸਾਡਾ ਕੰਮ ''ਕਲੀਸੀਆ ਤੀ ਤਰੱਕੀ'' ਹੈ। ਭਾਵ ਕਲੀਸੀਆਵਾਂ ਕਾਇਮ ਕਰਨਾ ਅਤੇ ਫਿਰ ਉਨ੍ਹਾਂ ਨੂੰ ਵਧਣ ਵਿਚ ਮਦਦ ਕਰਨਾ। ਅਸੀਂ ਇਸ ਕੰਮ ਨੂੰ ਸਫ਼ਲਤਾ ਨਾਲ ਤਦੇ ਕਰ ਸਕਦੇ ਹਾਂ ਜੇ ਸਾਡੇ ਕੋਲ ਸਮਰਪਿਤ, ਸਾਧਨ–ਸੰਪਨ ਆਗੂ ਅਤੇ ਇੱਛੁਕ ਕੰਮ ਕਰਨ ਵਾਲੇ ਹੋਣ। ਸਭ ਤੋਂ ਵਧ ਕੇ ਸਾਨੂੰ ਖ਼ੁਦਾ ਦੀ ਮਦਦ ਦੀ ਲੋੜ ਹੈ। ਜੇ ਅਸੀਂ ਉਸ ਦੇ ਹੁਕਮ ਮੰਨਣ ਲਈ ਆਪਣੀ ਪੂਰੀ ਵਾਹ ਲਾਹ ਦਿੰਦੇ ਹਾਂ, ਤਾਂ ਸਾਡੀਆਂ ਕੋਸ਼ਿਸ਼ਾਂ ਨਾਲ ਉਹ ਮੁਬਾਰਕ ਹੋਵੇਗਾ।

ਨਹਮਯਾਹ ਨੇ ਕੁਝ ਸ਼ਾਨਦਾਰ ਹਾਸਿਲ ਕੀਤਾ ਜਦ ਉਸ ਨੇ ਯਹੂਦੀਆਂ ਨੂੰ ਯਰੂਸ਼ਲਮ ਦੀ ਕੰਧ ਬਣਾਉਣ ਵਿਚ ਅਗਵਾਈ ਦਿੱਤੀ। ਅਸੀਂ ਇਸ ਨਾਲੋਂ ਵੀ ਅਹਿਮ ਕੁਝ ਕਰਦੇ ਹਾਂ, ਜਦ ਅਸੀਂ ਆਪਣੇ ਸਮਾਜ ਵਿਚ ਉਸ ਕਲੀਸੀਆ ਨੂੰ ਬਣਾਉਂਦੇ ਹਾਂ ਜਿਹਦੇ ਲਈ ਮਸੀਹ ਮਰਿਆ (ਅਫ਼ਸੀਆਂ 5:25)।

**ਵਾਕ ਉਪਦੇਸ਼ (ਅਧਿਆਇ 6)**

*''ਆ, ਅਸੀਂ ਓਨੋ ਦੀ ਦੂਣ ... ਵਿਚ ਆਪਸ ਵਿਚ ਮਿਲੀਏ''* (6:2)। ਇਹ ਸੱਦਾ ਵੇਖਣ ਵਿਚ ਸਿੱਧਾ ਜਿਹਾ ਸੀ ਪਰ ਨਹਮਯਾਹ ਨੂੰ ਪਤਾ ਸੀ ਕਿ ਇਹ ਕਾਹਦੇ ਲਈ ਸੀ। ਇਹ ਸੱਦਾ ਉਹਨੂੰ ਮਾਰ ਸੁੱਟਣ ਲਈ ਸੀ। ਅੱਜ ਸਿੱਧੇ ਜਿਹੇ ਲੱਗਣ ਵਾਲੇ ਖ਼ੁਦਾ ਦੇ ਦੁਸ਼ਮਣਾਂ ਨਾਲ ਸਮਝੌਤਾ ਕਰਨ ਦੇ ਸੱਦੇ ਸਾਡੀ (ਜਾਂ ਮੰਡਲੀ ਦੀ) ਰੂਹਾਨੀ ਮੌਤ ਦਾ ਕਾਰਣ ਬਣ ਸਕਦੇ ਹਨ।

*''ਮੈਂ ਇਕ ਵੱਡਾ ਕੰਮ ਕਰ ਰਿਹਾ ਹਾਂ, ਹੇਠਾਂ ਨੂੰ ਆ ਨਹੀਂ ਸਕਦਾ''* (6:3)। ਨਹਮਯਾਹ ਐਨਾ ਮਸਰੂਫ਼ ਸੀ ਕਿ ਆਪਣੇ ਦੁਸ਼ਮਣਾਂ ਦੇ ਸੱਦੇ ਨੂੰ ਹਾਂ ਨਹੀਂ ਕਰ ਸਕਿਆ। ਜਦ ਅਸੀਂ ਪ੍ਰਭੂ ਦੇ ਰਾਜ ਵਿਚ ਮਸਰੂਫ਼ ਹੁੰਦੇ ਹਾਂ ਤਾਂ ਅਸੀਂ ਵੀ ''ਇਕ ਵੱਡੇ ਕੰਮ'' ਵਿਚ ਲੱਗੇ ਹੁੰਦੇ ਹਾਂ, ਇਸ ਕਰਕੇ ਅਸੀਂ ਆਪਣਾ ਧਿਆਨ ਨਾ ਭਟਕਣ ਦਈਏ। ਸਾਨੂੰ ਚਾਹੀਦਾ ਹੈ ਕਿ ਸਿਖਾਉਣ ਜਾਂ ਸੇਵਾ ਕਰਨ ਦੇ ਆਪਣੇ ਕੰਮ ਵਿਚ ਐਨੇ ਕੁ ਰੁੱਝ ਜਾਈਏ ਕਿ ਸਮਾਂ ਬਰਬਾਦ ਕਰਨ ਵਾਲੀਆ ਗਤੀਵਿਧੀਆਂ ਨੂੰ ''ਨਾਂਹ'' ਆਖ ਦਈਏ।

*''ਹੇ ਪਰਮੇਸ਼ੁਰ, ਮੇਰੇ ਹੱਥਾਂ ਨੂੰ ਤਕੜੇ ਕਰ''* (6:9)। ਨਹਮਯਾਹ ਨੇ ਦੁਆ ਕੀਤੀ ਕਿ ਖ਼ੁਦਾ ਉਹਦੇ ''ਹੱਥਾਂ ਨੂੰ ਤਕੜੇ'' ਕਰੇ, ਜਾਂ ਉਹਦੇ ਕੰਮ ਵਿਚ ਉਹਦੀ ਮਦਦ ਕਰੇ। ਮੁਸ਼ਕਿਲਾਂ ਦਾ ਸਾਹਮਣਾ ਕਰਨ ਤੇ ਸਾਨੂੰ ਖ਼ੁਦਾ ਤੋਂ ਉਹ ਕਰਨ ਵਿਚ ਮਦਦ ਕਰਨ ਲਈ ਜੋ ਸਾਨੂੰ ਕਰਨਾ ਚਾਹੀਦਾ ਹੈ, ਆਖਦਿਆਂ ਇਸੇ ਤਰ੍ਹਾਂ ਦੁਆ ਕਰਨੀ ਚਾਹੀਦੀ ਹੈ।

*''ਯਹੂਦਾਹ ਵਿੱਚੋਂ ਬਹੁਤ ਸਾਰਿਆਂ ਨੇ ਉਹਦੇ [ਟੋਬੀਯਾਹ] ਮਗਰ ਹੋਣ ਦੀ ਸਹੁੰ ਖਾਧੀ''* (6:18)। ਕੁਝ ਯਹੂਦੀਆਂ ਨਾਲ ਟੋਬੀਯਾਹ ਦੀ ਦੋਸਤੀ ਯਹੂਦਾਹ ਦੀ ਏਕਤਾ ਲਈ ਖ਼ਤਰਾ ਬਣ ਗਈ। ਇਹ ਧੜਾ (ਸ਼ਾਇਦ ਅਣਜਾਣੇ ਵਿਚ) ਲੋਕਾਂ (ਅਤੇ ਖ਼ੁਦਾ) ਦੇ ਹਿੱਤਾਂ ਦੇ ਖ਼ਿਲਾਫ਼ ਕੰਮ ਕਰ ਰਿਹਾ ਸੀ। ਕਲੀਸੀਆ ਵਿਚ ਸਾਨੂੰ ਅਜਿਹੇ ਲੋਕ ਮਿਲ ਸਕਦੇ ਹਨ ਜਿਨ੍ਹਾਂ ਨੇ ਅਜੇ ਵੀ ਸ਼ਤਾਨ ਨਾਲ ''ਸਹੁੰ ਖਾਧੀ'' ਹੋਈ ਹੈ। ਅਜਿਹੇ ਲੋਕ ਨਿਰੀਆਂ ਆਪਣੀਆਂ ਰੂਹਾਂ ਨੂੰ ਹੀ ਖ਼ਤਰੇ ਵਿਚ ਨਹੀਂ ਪਾਉਂਦੇ ਬਲਕਿ ਪੂਰੀ ਮੰਡਲੀ ਨੂੰ ਹੀ ਖ਼ਤਰੇ ਵਿਚ ਪਾ ਸਕਦੇ ਹਨ।

**ਦੁਸ਼ਮਣ ਦੀਆਂ ਚਾਲਾਂ (6: 1-14)**

ਸੀਰਿਲ ਜੇ. ਬਾਰਬਰ ਨੇ ਲਿਖਿਆ ਹੈ ਕਿ ਨਹਮਯਾਹ ਦੇ ਦੁਸ਼ਮਣਾਂ ਨੇ ਆਪਣੇ ਮਕਸਦ ਨੂੰ ਹਾਸਿਲ ਕਰਨ ਲਈ ''ਪਹਿਲਾਂ *ਯਾਰਾਨਾ* (ਨਹਮਯਾਹ 6: 1–4), ਫਿਰ *ਗੁੱਝੀ ਚੋਟ* ਦੇਣ (6:5–9), ਅਤੇ ਅਖ਼ੀਰ ਵਿਚ *ਡਰਾਵਾ* ਦੇਣ (6:10–14)'' ਦਾ ਸਹਾਰਾ ਲਿਆ।[16]

**''ਸਭ ਤੋਂ ਵੱਡੀ ਭਲਿਆਈ'' (6: 10, 11)**

ਜਦ ਨਹਮਯਾਹ ਸਮਆਯਾਹ ਦੇ ਘਰ ਵੜਿਆ ਤਾਂ ਉਸ ਨੇ ਉਸ ਨੂੰ ਤਾਲਾਬੰਦ ''ਬੂਹਿਆਂ'' ਦੇ ਮਗਰ ''ਹੈਕਲ'' ਵਿਚ ਮਿਲਣ ਲਈ ਆਖਿਆ ਕਿਉਂ ਜੋ ਨਹਮਯਾਹ ਦੇ ਦੁਸ਼ਮਣ ''ਰਾਤ ਨੂੰ'' ਉਸ ਨੂੰ ''ਵੱਢਣ ਲਈ ਆਉਣ'' ਵਾਲੇ ਸਨ (6:10)। ਸਮਆਯਾਹ ਦੀ ਬੇਨਤੀ ਨੂੰ ਇਕ ਤਰਕਸੰਗਤ ਯੋਜਨਾ ਕਿਹਾ ਜਾ ਸਕਦਾ ਸੀ। ਨਹਮਯਾਹ ਨੇ ਆਪਣੇ ਮਨ ਵਿਚ ਆਖਿਆ ਹੋਵੇਗਾ, ''ਮੈਂ ਤਾਂ ਯਹੂਦੀਆਂ ਦਾ ਆਗੂ ਹਾਂ, ਇਸ ਕਰਕੇ ਮੇਰੀ ਤੰਦਰੁਸਤੀ ਉਨ੍ਹਾਂ ਦੀ ਸਫ਼ਲਤਾ ਲਈ ਜ਼ਰੂਰੀ ਹੈ। ਇਸ ਕਰਕੇ ਭਾਵੇਂ ਸ਼ਰ੍ਹਾ ਵਿਚ ਕਿਸੇ ਵੀ ਸ਼ਖ਼ਸ ਲਈ, ਜਿਹੜਾ ਯਾਜਕ ਨਹੀਂ ਹੈ, ਹੈਕਲ ਵਿਚ ਵੜਨ ਦੀ ਮਨਾਹੀ ਹੈ, ਮੇਰੇ ਲਈ ਇਸ ਇਕ ਮੌਕੇ ਤੇ ਉਸ ਥਾਂ ਤੇ ਓਟ ਲੈਣੀ ਸਹੀ ਹੋਵੇਗੀ ਤਾਂ ਜੋ ਮੈਂ ਕੰਧ ਦੇ ਬਣਾਏ ਜਾਣ ਨੂੰ ਯਕੀਨੀ ਬਣਾ ਸਕਾਂ।''

ਕੁਝ ਲੋਕ ਅੱਜ ਆਪਣੇ ਪਾਪਾਂ ਨੂੰ ਸਹੀ ਠਹਿਰਾਉਣ ਦੇ ਤਰੀਕੇ ਲੱਭਦਿਆਂ ਇਸੇ ਤਰ੍ਹਾਂ ਦਲੀਲ ਦੇ ਸਕਦੇ ਹਨ। ਉਹ ਆਖਦੇ ਹਨ, ''ਵਿਭਚਾਰ ਕਰਨਾ ਜਾਂ ਸਮਲਿੰਗੀ ਹੋਣਾ 'ਨਿਯਮਾਂ ਦੇ ਵਿਰੁਧ'

ਹੋ ਸਕਦਾ ਹੈ; ਪਰ ਅਸੀਂ ਸਚਮੁਚ ਇਕ ਦੂਜੇ ਨਾਲ ਪਿਆਰ ਕਰਦੇ ਹਾਂ ਅਤੇ ਪਿਆਰ ਕਾਨੂੰਨੀ ਸ਼ਰਤਾਂ ਨਾਲੋਂ ਬਹੁਤਾ ਜ਼ਰੂਰੀ ਹੈ।'' ਮਸੀਹੀ ਲੋਕ ਕਈ ਵਾਰ ਵੇਖਦੇ ਹਨ ਕਿ ਦੂਜੇ ਧਾਰਮਿਕ ਸਮੂਹ ਵਚਨ ਦੇ ਮੁਤਾਬਕ ਬੰਦਗੀ ਨਹੀਂ ਕਰ ਰਹੇ ਹਨ, ਪਰ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ''ਨਿਯਮ'' ਜ਼ਰੂਰੀ ਹਨ ਜਾਂ ਸੰਗਤੀ। ਨਹਮਯਾਹ ਨੇ ਇਨ੍ਹਾਂ ਗੱਲਾਂ ਤੇ ਵਿਚਾਰ ਨਹੀਂ ਕੀਤਾ। ਉਸ ਨੇ ਐਲਾਨ ਕਰ ਦਿੱਤਾ ਕਿ ਉਹ ਆਦਮੀ ਤੋਂ ਨਹੀਂ ਡਰਦਾ (''ਕੀ ਮੇਰੇ ਵਰਗਾ ਆਦਮੀ ਭੱਜੇ?'') ਬਲਕਿ ਖ਼ੁਦਾ ਤੋਂ ਡਰਦਾ ਹੈ (''ਮੇਰੇ [ਇਕ ਗੈਰ ਯਾਜਕ] ਵਰਗਾ ਏਥੇ ਕੌਣ ਹੈ ਕਿ ਹੈਕਲ ਵਿਚ ਜਾ ਕੇ ਆਪਣੀ ਜਾਨ ਬਚਾਵੇ? ਮੈਂ ਅੰਦਰ ਨਹੀਂ ਜਾਵਾਂਗਾ''; 6:11)। ਉਸ ਨੂੰ ਪਤਾ ਸੀ ਕਿ ਖ਼ੁਦਾ ਦੇ ਹੁਕਮ ਨੂੰ ਨਾ ਮੰਨਣਾ ਘਾਤਕ ਹੋ ਸਕਦਾ ਹੈ, ''ਵੱਡੀ ਭਲਿਆਈ'' ਬਾਰੇ ਕਿਸੇ ਹੋਰ ਦਾ ਵਿਚਾਰ ਭਾਵੇਂ ਜੋ ਵੀ ਹੋਵੇ।

ਸਾਨੂੰ ਨਹਮਯਾਹ ਵਰਗੇ ਬਣਨ ਦੀ ਲੋੜ ਹੈ। ਇਹ ਹਿਸਾਬ ਲਾਉਣ ਦੀ ਕੋਸ਼ਿਸ਼ ਕਰਨ ਦੀ ਬਜਾਇ ਕਿ ''ਵੱਡੀ ਭਲਿਆਈ'' ਕੀ ਹੋ ਸਕਦੀ ਹੈ, ਸਾਨੂੰ ਇਹ ਮੰਨਣਾ ਜ਼ਰੂਰੀ ਹੈ ਕਿ ਇਸ ਜ਼ਿੰਦਗੀ ਵਿਚ ''ਸਭ ਤੋਂ ਵੱਡੀ ਭਲਿਆਈ'' ਜਿਹੜੀ ਕੋਈ ਕਰ ਸਕਦਾ ਹੈ, ਖ਼ੁਦਾ ਦੀ ਸੇਵਾ ਕਰਨਾ ਅਤੇ ਉਸ ਦਾ ਹੁਕਮ ਮੰਨਣਾ ਹੈ, ਹਾਲਾਤ ਭਾਵੇਂ ਕਿਹੋ ਜਿਹੇ ਵੀ ਕਿਉਂ ਨਾ ਹੋਣ।

---

ਟਿੱਪਣੀਆਂ

[1]*ਹਾਰਪਰਸ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1988), 382 ਵਿਚ ਰਾਲਫ਼ ਡਬਲਯੂ. ਕਲੇਨ, ''ਨਹਮਯਾਹ।' [2]*ਦ ਇੰਟਰਪ੍ਰੇਟਰ'ਜ਼ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬਟ੍ਰਿਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1962), 3:604 ਵਿਚ ਵਿਲੀਅਮ ਐੱਚ. ਮੋਰਟੋਨ, ''ਓਨੋ।'' [3]ਇਹ LXX ਅਤੇ ਵਲਗੇਟ ਤੋਂ ਲਏ ਗਏ ਸਨ, ਜਿਨ੍ਹਾਂ ਵਿਚ ਉਸ ਇਬਰਾਨੀ ਸ਼ਬਦ ਦੇ ਫ਼ਰਕ ਸਵਰ-ਉਚਾਰਣ ਨੂੰ ਮੰਨਿਆ ਗਿਆ ਹੈ ਜਿਹੜਾ ਮਿਜ਼ੋਰੀ ਟੈਕਸਟ (MT) ਵਿਚ ਮਿਲਦਾ ਹੈ। (ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ [ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003], 118-19.) [4]ਯਰੂਸ਼ਲਮ ਉੱਚਾਈ ਤੇ ਸੀ, ਇਸ ਕਰਕੇ ਪਵਿੱਤਰ ਨਗਰ ''ਤੋਂ ਹੇਠਾਂ ਆਇਆ'' ਅਤੇ ''ਨੂੰ ਉੱਤਰ ਵੱਲ ਲਿਜਾਇਆ'' ਜਾਂਦਾ ਸੀ, ਭਾਂਵੇਂ ਕਿਸੇ ਵੀ ਦਿਸ਼ਾ ਵੱਲੋਂ ਆਵੇ। [5]ਖ਼ਤ ਸੰਭਵ ਤੌਰ ਤੇ ਪੇਪਰਸ ਦੀ ਸ਼ੀਟ ਤੇ ਲਿਖਿਆ ਗਿਆ, ਪਰ ਇਹ ''ਠੀਕਰੇ ਜਾਂ ਲੱਕੜ ਦੀ ਤੱਖਤੀ ਤੇ ਲਿਖਿਆ'' ਹੋ ਸਕਦਾ ਹੈ। (ਕੀਥ ਐਨ. ਸ਼ੋਵਿਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 193.) [6]ਮਾਰਕ ਏ. ਥ੍ਰੌਂਟਵੇਟ, *ਅਜ਼ਰਾ-ਨਹਮਯਾਹ*, ਇੰਟਪ੍ਰਿਟੇਸ਼ਨ (ਲੁਈਸਵਿੱਲ: ਜੌਨ ਨੌਕਸ ਪ੍ਰੈੱਸ, 1992), 86. [7]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 256. [8]ਵਿਲੀਅਮਸਨ, 247, 249. [9]ਡੇਰੇਕ ਕਿਡਨਰ ਨੇ ਲਿਖਿਆ, ''ਨਬੀ ਨੇ ਆਪਣਾ ਸੁਝਾਅ ਆਇਤ ਨਾਲ ਮਿਲਦੇ ਜੁਲਦੇ, ਵਚਨ ਵਿਚ ਤਿਆਰ ਕੀਤਾ, ਜਿਸ ਨਾਲ ਇਸਦਾ ਰੂਪ ਜੋ ਕੁਝ ਕਿਹਾ ਗਿਆ ਉਹਦੇ ਵਰਗਾ ਹੀ ਲੱਗਾ ਹੋਵੇਗਾ'' (ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1979], 99)। ਕਈ ਸੰਸਕਰਣਾਂ ਵਿਚ ਸਮਆਯਾਹ ਦੇ ਸ਼ਬਦਾਂ ਨੂੰ ਕਵਿਤਾ ਦੇ ਰੂਪ ਵਿਚ ਪ੍ਰਤੀਬੱਧ ਕੀਤਾ ਗਿਆ ਹੈ (NAB; NJB; NJPSV; REB)। [10]ਸ਼ੋਵਿਲ, 197.

[11]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 714 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ – ਨਹਮਯਾਹ।'' [12]ਮਿਰਯਮ, ਦਬੋਰਾਹ ਅਤੇ ਕੁਲਦਾਹ ਨਬੀਆ ਪੁਰਾਣੇ ਨੇਮ

ਵਿਚ ਵਾਧੂ ਨਬੀਆ ਸਨ (ਕੂਚ 15:20; ਨਿਆਈਆਂ ਦੀ ਪੋਥੀ 4:4; 2 ਰਾਜਿਆਂ 22:14)। ਜਿਨ੍ਹਾਂ (ਨੋਆਦਯਾਹ ਵਰਗੀਆਂ) ਔਰਤਾਂ ਨੇ ਝੂਠੀਆਂ ਨਬੂਵਤਾਂ ਕੀਤੀਆਂ ਉਨ੍ਹਾਂ ਦਾ ਜ਼ਿਕਰ ਹਿਜ਼ਕੀਏਲ 13:17 ਵਿਚ ਹੈ। [13]ਵਿਲੀਅਮਸਨ, 248, 261. [14]ਇਹ ''ਧੌਲ ਦਾੜ੍ਹੀਆਂ'' (6:17) ਬੇਸ਼ੱਕ ਵੱਡੇ ਲੋਕਾਂ। ਸ਼ਾਇਦ ਉਹ ਉਹੀ ''ਸ਼ਰੀਫ਼'' ਅਤੇ ''ਰਈਸ'' ਸਨ ਜਿਨ੍ਹਾਂ ਨਾਲ ਨਹਮਯਾਹ ਪਹਿਲਾਂ ਝਗੜਿਆ ਸੀ (5:7)। [15]ਐਲਨ ਐਂਡ ਲੇਨਿਆਕ, 118. [16]ਸੀਰਿਲ ਜੇ. ਬਾਰਬਰ, *ਨਹਮਯਾਹ ਐਂਡ ਦ ਡਾਇਨਾਮਿਕਸ ਆਫ਼ ਦ ਇਫ਼ੈਕਟਿਵ ਲੀਡਰਸ਼ਿਪ* (ਨੇਪਟੂਨ, ਨਿਊ ਜਰਸੀ: ਲੋਇਜ਼ੌਕਸ ਬ੍ਰਦਰਜ਼., 1976), 97.